ਕੈਨੇਡਾ ਦਰਪਣ

ਸਤੰਬਰ 5, 1986

September 5, 1986

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

Second Class Mail Reg. No. 5991

ਕੈਨੇਡਾ ਦਰਪਣ

The Canada Darpan — Punjabi Weekly Newspaper

Weekending September 5, 1986 Vol. 5 No. 34 — Price 35¢ Out of Greater Vancouver 50¢ — Ph. (604)581-4473

ਅੰਦਰ ਪੜ੍ਹੋ —

15 ਲੱਖ ਡਾਲਰ ਦੀ ਹੈਰੋਇਨ ਫੜੀ ਗਈ

ਕੈਲਗਰੀ ਦੇ ਦੇਵਿੰਦਰ ਸਿੰਘ ਹੰਸਰਾ ਅਵਤਾਰ ਸਿੰਘ ਗਰੇਵਾਲ ਫੜੇ ਗਏ

ਕੈਲਗਰੀ — ਪੁਲਸ ਨੇ ਭਾਰਤੀ ਮੂਲ ਦੇ ਤਿੰਨ ਵਿਅਕਤੀਆਂ ਦੇਵਿੰਦਰ ਸਿੰਘ ਹੰਸਰਾ ਉਮਰ 34 ਸਾਲ, ਅਵਤਾਰ ਸਿੰਘ ਗਰੇਵਾਲ ਉਮਰ 35 ਸਾਲ ਅਤੇ ਹਰਜਿੰਦਰ ਸਿੰਘ ਨੂੰ ਹੈਰੋਇਨ ਸਮਗਲ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕਰ ਲਿਆ ਹੈ। ਇਹ ਤਿੰਨੇ ਵਿਅਕਤੀ ਫ਼ਰਨੀ ਸ਼ਹਿਰ ਦੇ ਲਾਗਿਓਂ ਗ੍ਰਿਫਤਾਰ ਕੀਤੇ ਗਏ। ਇਨ੍ਹਾਂ ਦੀ ਕਾਰ ਵਿਚੋਂ 450 ਗਰਾਮ ਹੈਰੋਇਨ ਫੜੀ ਗਈ ਜਿਸ ਦੀ ਕੀਮਤ ਪੁਲਸ ਅਨੁਸਾਰ 15 ਲੱਖ ਡਾਲਰ ਬਣਦੀ ਹੈ।

ਦੇਵਿੰਦਰ ਸਿੰਘ ਹੰਸਰਾ ਅਤੇ ਅਵਤਾਰ ਸਿੰਘ ਗਰੇਵਾਲ ਕੈਲਗਰੀ ਦੇ ਰਹਿਣ ਵਾਲੇ ਹਨ ਅਤੇ ਹਰਜਿੰਦਰ ਸਿੰਘ ਦੇ ਐਡਰੈਸ ਦਾ ਪਤਾ ਨਹੀਂ ਹੈ। ਖ਼ਬਰਾਂ ਅਨੁਸਾਰ ਜਾਪਦਾ ਹੈ ਕਿ ਹਰਜਿੰਦਰ ਸਿੰਘ ਗ਼ੈਰਕਾਨੂੰਨੀ ਤੌਰ ਉਤੇ ਅਮਰੀਕਾ ਵਿਚੋਂ ਸਰਹੱਦ ਪਾਰ ਕਰਕੇ ਆਇਆ ਤੇ ਉਪਰੋਕਤ ਦੋਂਹ ਵਿਅਕਤੀਆਂ ਨੇ ਉਸ ਨੂੰ ਕਾਰ ਉਤੇ ਲਿਆਂਦਾ।

'ਪ੍ਰੋਵਿੰਸ' ਅਖ਼ਬਾਰ ਦੀ ਖ਼ਬਰ ਅਨੁਸਾਰ ਡਿਕ ਕਰੌਸਨ ਨਾਂ ਦਾ ਵਿਅਕਤੀ ਆਪਣੇ ਕੰਮ ਉਤੇ ਜਾ ਰਿਹਾ ਸੀ ਜਦੋਂ ਉਸ ਨੇ ਦੇਖਿਆ ਕਿ ਭਾਰਤੀ ਮੂਲ ਦਾ ਇਕ ਵਿਅਕਤੀ ਹਾਈਵੇ ਉਤੇ ਇਕ ਸੁੰਨੀ ਜਹੀ ਥਾਂ ਉਤੇ ਖੜਾ ਸੀ। ਜਦੋਂ ਉਹ ਸਰਹੱਦ ਲਾਗੇ ਆਪਣੇ ਕੰਮ ਵਾਲੀ ਥਾਂ ਉਤੇ ਪਹੁੰਚਿਆ ਤਾਂ ਸਵੇਰੇ 8 ਵਜੇ ਦੋ ਭਾਰਤੀ ਮੂਲ ਦੇ ਵਿਅਕਤੀਆਂ ਨੇ ਕਾਰ ਵਿਚ ਸਭ ਤੋਂ ਪਹਿਲਾਂ ਬਾਰਡਰ ਪਾਰ ਕੀਤਾ।

ਡਿਕ ਕਰੌਸਨ ਦੇ ਦੱਸਣ ਅਨੁਸਾਰ ਉਸਨੂੰ ਸ਼ੱਕ ਪੈ ਗਿਆ ਕਿ ਜੋ ਵਿਅਕਤੀ ਹਾਈਵੇ ਉਤੇ ਖੜ੍ਹਾ ਹੈ — ਹੋ ਸਕਦਾ ਹੈ, ਉਹ ਗ਼ੈਰਕਾਨੂੰਨੀ ਤੌਰ ਤੇ ਕੈਨੇਡਾ ਵਿਚ ਦਾਖਲ ਹੋ ਰਿਹਾ ਹੋਵੇ ਅਤੇ ਇਹ ਦੋ ਵਿਅਕਤੀ ਕਾਰ ਉਤੇ ਉਸ ਨੂੰ ਚੁੱਕਣ ਜਾ ਰਹੇ ਹੋਣ।

ਕਾਰ ਵਿਚੋਂ ਹੈਰੋਇਨ ਫੜੀ

ਡਿੱਕ ਕਰੌਸਨ ਨੇ ਪੁਲਸ ਨੂੰ ਸੂਚਨਾ ਦੇ ਦਿਤੀ — ਜਿਸਦੇ ਆਧਾਰ ਉਤੇ ਪੁਲਸ ਨੇ ਫ਼ਰਨੀ ਤੋਂ 35 ਕਿਲੋਮੀਟਰ ਦੂਰ ਕਾਰ ਰੋਕ ਲਈ। ਕਾਰ ਦੀ ਤਲਾਸ਼ੀ ਸਮੇਂ 450 ਗ੍ਰਾਮ ਹੈਰੋਇਨ ਕਾਰ ਵਿਚੋਂ ਨਿਕਲੀ।

ਤਿੰਨਾਂ ਉਤੇ ਦੂਹਰੇ ਦੋਸ਼

ਦੇਵਿੰਦਰ ਸਿੰਘ ਹੰਸਰਾ, ਅਵਤਾਰ ਸਿੰਘ ਗਰੇਵਾਲ ਅਤੇ ਹਰਜਿੰਦਰ ਸਿੰਘ ਉਤੇ ਹੈਰੋਇਨ ਲਿਆਉਣ, ਤੇ ਵੇਚਣ ਦੀ ਸਾਜ਼ਿਸ਼ ਵਿਚ ਸ਼ਾਮਲ ਹੋਣ ਦੇ ਦੋਸ਼ਾਂ ਦੇ ਨਾਲ ਗ਼ੈਰਕਾਨੂੰਨੀ ਢੰਗ ਨਾਲ ਇਕ ਵਿਅਕਤੀ ਨੂੰ ਕੈਨੇਡਾ ਵਿਚ ਲਿਆਉਣ ਦੇ ਦੋਸ਼ ਲਾਏ ਗਏ ਹਨ।

ਮੋਗੇ ਨੇੜੇ ਤਿੰਨ ਕਾਰ ਸਵਾਰ ਹਲਾਕ

ਚੰਡੀਗੜ੍ਹ — ਇਥੇ ਪੁਜੀਆਂ ਖਬਰਾਂ ਅਨੁਸਾਰ ਪਿਛਲੇ ਨੌਂ ਦਿਨਾਂ ਅੰਦਰ ਚਾਰ ਕਤਲ ਦੀਆਂ ਘਟਨਾਵਾਂ ਹੋਈਆਂ ਹਨ। ਮੋਗੇ ਨੇੜੇ ਇਕ ਕਾਰ ਰੋਕ ਕੇ ਤਿੰਨ ਵਿਅਕਤੀ ਮਾਰ ਦਿਤੇ ਗਏ ਹਨ। ਇਕ ਥਾਂ ਉਪਰ ਅਤਿਵਾਦੀਆਂ ਨੇ ਇਕ ਚੌਕੀਦਾਰ ਦੇ ਗੋਲੀ ਮਾਰ ਦਿਤੀ।

ਐਕਸਪੋ ਦੇਖਣ ਵਾਲਿਆਂ ਦੀ ਗਿਣਤੀ 15 ਮਿਲੀਅਨ ਤੋਂ ਵਧ ਗਈ



ਰੂਸ ਦੀ ਪੈਵਲੀਅਨ ਦਰਸ਼ਕਾਂ ਦੀਆਂ ਨਜ਼ਰਾਂ ਦਾ ਕੇਂਦਰ

ਸ਼ਰਾਬੀ ਹੋਏ ਪੀ. ਸੀ. ਸੇਠੀ ਨੇ ਪਿਸਤੌਲ ਨਾਲ ਟੈਲੀਫੋਨ ਅਪਰੇਟਰ ਨੂੰ ਧਮਕਾਇਆ

ਟੈਲੀਫ਼ੋਨ ਸੇਵਾਵਾਂ ਵਲੋਂ ਦਿੱਲੀ ਵਿਚ ਹੜਤਾਲ

ਨਵੀਂ ਦਿੱਲੀ — ਭਾਰਤ ਦੇ ਸਾਬਕਾ ਗ੍ਰਹਿਮੰਤਰੀ ਅਤੇ ਮੈਂਬਰ ਪਾਰਲੀਮੈਂਟ ਪ੍ਰਕਾਸ਼ ਚੰਦ ਸੇਠੀ ਸ਼ਰਾਬੀ ਹੋ ਕੇ ਦਿੱਲੀ ਟੈਲੀਫੋਨ ਕੰਪਨੀ ਦੇ ਦਫਤਰ ਗਿਆ ਅਤੇ ਟੈਲੀਫੋਨ ਦਾ ਨੰਬਰ ਨਾ ਮਿਲਾਉਣ ਲਈ ਪਿਸਤੌਲ ਨਾਲ ਟੈਲੀਫੋਨ ਅਪਰੇਟਰ ਨੂੰ ਧਮਕੀ ਦਿਤੀ।

ਯਾਦ ਰਹੇ ਕਿ ਇਹ ਉਹੀ ਪ੍ਰਕਾਸ਼ ਚੰਦ ਸੇਠੀ ਹੈ ਜਿਸ ਬਾਰੇ ਅਫਵਾਹ ਹੈ ਕਿ ਉਹ ਇੰਦਰਾ ਗਾਂਧੀ ਦੇ ਪ੍ਰਧਾਨ ਮੰਤਰੀ ਹੋਣ ਸਮੇਂ ਅਕਸਰ ਮੰਤਰੀ ਮੰਡਲ ਦੀਆਂ ਮੀਟਿੰਗਾਂ ਵਿਚ ਸ਼ਰਾਬ ਪੀ ਕੇ ਜਾਂਦਾ ਸੀ ਅਤੇ ਇਥੋਂ ਤਕ ਕਿ ਇਕ ਵਾਰ ਤਾਂ ਇਸਨੇ ਪ੍ਰਧਾਨ ਮੰਤਰੀ ਬਾਰੇ ਅਜਿਹਾ ਰੀਮਾਰਕ ਦਿਤਾ ਜਿਸ ਕਾਰਨ ਅਗਲੇ ਦਿਨ ਪ੍ਰਧਾਨ ਮੰਤਰੀ ਨੇ ਪ੍ਰਕਾਸ਼ ਚੰਦ ਸੇਠੀ ਦੇ ਗ੍ਰਹਿ ਮੰਤਰੀ ਵਜੋਂ ਪੱਤੇ ਕੱਟ ਦਿਤੇ

ਟੈਲੀਫੋਨ ਕੰਪਨੀ ਦੇ ਇਕ ਅਧਿਕਾਰੀ ਨੇ ਦੋਸ਼ ਲਾਇਆ ਕਿ ਜਦੋਂ ਸੇਠੀ ਦਫਤਰ ਵਿਚ ਆਇਆ ਤਾਂ ਉਹ ਸ਼ਰਾਬ ਨਾਲ ਰੱਜਿਆ ਹੋਇਆ ਸੀ ਤੇ ਉਹ ਇੰਨੀ ਗੰਦੀ ਭਾਸ਼ਾ ਵਰਤ ਰਿਹਾ ਸੀ ਕਿ ਸੁਣਨੀ ਵੀ ਮੁਸ਼ਕਲ ਸੀ।

(ਬਾਕੀ ਪੰਨਾ 2 ਉਤੇ)

ਜਨਰਲ ਵੈਦਿਆ ਦਾ ਇਕ ਕਾਤਲ ਫੜਿਆ ਗਿਆ

ਕਾਤਲ ਕੋਲ ਬਰਤਾਨਵੀ ਪਾਸਪੋਰਟ — ਕਤਲ ਦੀ ਸਕੀਮ ਇੰਗਲੈਂਡ ਵਿਚ ਬਣੀ

ਪੂਨਾ — ਫੌਜ ਦੇ ਸਾਬਕਾ ਜਨਰਲ ਅਰੁਨ ਵੈਦਿਆ ਦੇ ਕਤਲ ਦੇ ਦੋਸ਼ ਵਿਚ ਇਕ ਬਰਤਾਨਵੀ ਪਾਸਪੋਰਟ ਵਾਲਾ ਵਿਅਕਤੀ ਗੋਆ ਵਿਚੋਂ ਫੜਿਆ ਗਿਆ ਹੈ। ਦੂਜੇ ਵਿਅਕਤੀ ਦੀ ਭਾਲ ਨਾਗਪੁਰ ਵਿਚ ਕੀਤੀ ਜਾ ਰਹੀ ਹੈ ਜਿਸਦੀ ਸੂਹ ਗ੍ਰਿਫਤਾਰ ਕੀਤੇ ਗਏ ਵਿਅਕਤੀ ਨੇ ਦਿਤੀ ਹੈ ਕਿ ਉਹ ਨਾਗਪੁਰ ਵਿਚ ਲੁਕਿਆ ਹੋਇਆ ਹੈ। ਉਹ ਵਿਅਕਤੀ ਵੀ ਇੰਗਲੈਂਡ ਦਾ ਰਹਿਣ ਵਾਲਾ ਦੱਸਿਆ ਜਾਂਦਾ ਹੈ।

ਸਾਜ਼ਿਸ਼ ਇੰਗਲੈਂਡ ਵਿਚ ਬਣੀ

ਪੁਲਸ ਸੂਤਰਾਂ ਅਨੁਸਾਰ ਜਨਰਲ ਵੈਦਿਆ ਨੂੰ ਕਤਲ ਕਰਨ ਦੀ ਸਾਜ਼ਿਸ਼ ਇੰਗਲੈਂਡ ਵਿਚ ਤਿਆਰ ਕੀਤੀ ਗਈ। ਸ਼ੱਕ ਕੀਤਾ ਜਾਂਦਾ ਹੈ ਕਿ ਇਕ ਸੰਸਥਾ ਜਿਸ ਦੇ ਸਬੰਧ ਇਕ ਬਦਨਾਮ ਬਦੇਸ਼ੀ ਏਜੰਸੀ ਨਾਲ ਹਨ ਉਸ ਸੰਸਥਾ ਨੇ ਹੀ ਜਨਰਲ ਵੈਦਿਆ ਨੂੰ ਕਤਲ ਕਰਨ ਦੀ ਸਾਜ਼ਿਸ਼ ਘੜੀ ਅਤੇ ਇੰਗਲੈਂਡ ਵਿਚੋਂ ਦੋ ਵਿਅਕਤੀ ਜਨਰਲ ਵੈਦਿਆ ਨੂੰ ਕਤਲ ਕਰਨ ਲਈ ਭੇਜੇ ਗਏ। ਕਾਤਲ ਭਾਰਤੀ ਮੂਲ ਦੇ ਵਿਅਕਤੀ ਹੀ ਦੱਸੇ ਜਾਂਦੇ ਹਨ ਜਿਨ੍ਹਾਂ ਕੋਲ ਬਰਤਾਨੀਆ ਦੇ ਪਾਸਪੋਰਟ ਹਨ।

ਪੰਨਾ 1 ਦੀ ਬਾਕੀ

ਟੈਲੀਫੋਨ ਅਧਿਕਾਰੀ ਨੇ ਕਿਹਾ ਕਿ ਗਲਤੀ ਸੇਠੀ ਦੀ ਆਪਣੀ ਸੀ ਕਿਉਂਕਿ ਜੋ ਨੰਬਰ ਉਹ ਮੰਗ ਰਿਹਾ ਸੀ ਉਹ ਹੀ ਗਲਤ ਸੀ। ਗਲਤ ਨੰਬਰ ਉਤੇ ਅਪਰੇਟਰ ਟੈਲੀਫੋਨ ਕਿਵੇਂ ਕਰਵਾ ਸਕਦਾ ਸੀ। ਸੇਠੀ ਬੰਬਈ ਦਾ ਗਲਤ ਨੰਬਰ ਦੇ ਰਿਹਾ ਸੀ।

ਟੈਲੀਫੋਨ ਸੇਵਾ ਫੌਜ ਹਵਾਲੇ

ਟੈਲੀਫੋਨ ਕੰਪਨੀ ਦੇ ਸਾਰੇ ਅਧਿਕਾਰੀ ਉਸੇ ਸਮੇਂ ਹੜਤਾਲ ਉਤੇ ਚਲੇ ਗਏ ਅਤੇ ਸਰਕਾਰ ਨੂੰ ਟੈਲੀਫੋਨ ਸੇਵਾਵਾਂ ਫੌਜ ਦੀ ਆਰਮੀ ਸਿਗਨਲ ਕਾਰਪਸ ਨੂੰ ਸੰਭਾਲਣੀਆਂ ਪਈਆ।

ਸੇਠੀ ਨੂੰ ਗ੍ਰਿਫਤਾਰ ਕਰੋ !

ਟੈਲੀਫੋਨ ਅਪਰੇਟਰਾਂ ਦਾ ਕਹਿਣਾ ਹੈ ਕਿ ਜਿੰਨਾ ਚਿਰ ਪ੍ਰਕਾਸ਼ ਚੰਦ ਸੇਠੀ ਨੂੰ ਗ੍ਰਿਫਤਾਰ ਨਹੀਂ ਕੀਤਾ ਜਾਂਦਾ ਉਨਾ ਚਿਰ ਉਹ ਕੰਮ ’ਤੇ ਨਹੀਂ ਜਾਣਗੇ। ਉਨ੍ਹਾਂ ਦੇ ਨੁਮਾਇੰਦੇ ਨੇ ਇਹ ਵੀ ਕਿਹਾ ਕਿ ਸੇਠੀ ਨੂੰ ਗ੍ਰਿਫਤਾਰ ਕਰਕੇ ਹਮਲਾ ਕਰਨ ਦਾ ਦੋਸ਼ ਲਾਇਆ ਜਾਣਾ ਚਾਹੀਦਾ ਤਾਂ ਹੀ ਟੈਲੀਫੋਨ ਸੇਵਾਵਾਂ ਬਹਾਲ ਹੋਣਗੀਆਂ।

ਲੋਕ ਸਭਾ ਵਿਚ ਚਰਚਾ

ਵਿਰੋਧੀ ਪਾਰਟੀਆਂ ਦੇ ਆਗੂਆਂ ਵਲੋਂ ਲੋਕ ਸਭਾ ਵਿਚ ਪ੍ਰਕਾਸ਼ ਚੰਦ ਸੇਠੀ ਦੇ ਵਤੀਰੇ ਦੀ ਨਿੰਦਾ ਕੀਤੀ ਗਈ ਅਤੇ ਜਨਤਾ ਪਾਰਟੀ ਦੇ ਇਕ ਮੈਂਬਰ ਨੇ ਪ੍ਰਕਾਸ਼ ਚੰਦ ਸੇਠੀ ਤੋਂ ਪਾਰਲੀਮੈਂਟ ਦੀ ਮੈਂਬਰੀ ਤੋਂ ਅਸਤੀਫਾ ਦੇਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਰਾਜਸੀ ਆਗੂਆਂ ਦਾ ਅਜਿਹਾ ਵਤੀਰਾ ਸ਼ਰਮਨਾਕ ਹੈ

ਸੇਠੀ ਵਲੋਂ ਮੁਆਫੀ

ਪ੍ਰਕਾਸ਼ ਚੰਦ ਸੇਠੀ ਨੇ ਪਬਲਿਕ ਤੌਰ ਉਤੇ ਮੁਆਫੀ ਮੰਗੀ ਹੈ ਪਰ ਟੈਲੀਫੋਨ ਅਪਰੇਟਰ ਉਸਦੀ ਗ੍ਰਿਫਤਾਰੀ ਦੀ ਮੰਗ ਕਰ ਰਹੇ ਹਨ।

ਇੰਗਲੈਂਡ ਤੇ ਭਾਰਤ ਵਿਚਕਾਰ ਸਬੰਧ ਹੋਰ ਵਿਗੜਨ ਦੀ ਸੰਭਾਵਨਾ

ਰਾਜਸੀ ਸੂਤਰਾਂ ਅਨੁਸਾਰ ਜਨਰਲ ਵੈਦਿਆ ਦੇ ਕਤਲ ਦਾ ਕਾਤਲ ਫੜੇ ਜਾਣ ਪਿਛੋਂ ਇੰਗਲੈਂਡ ਅਤੇ ਭਾਰਤ ਦੇ ਸਬੰਧ ਹੋਰ ਵਿਗੜਨ ਦੇ ਆਸਾਰ ਦਿਸ ਰਹੇ ਹਨ ਕਿਉਂਕਿ ਭਾਰਤ ਨੇ ਵਾਰ ਵਾਰ ਇੰਗਲੈਂਡ ਉਤੇ ਦਬਾਅ ਪਾਇਆ ਹੈ ਕਿ ਇੰਗਲੈਂਡ ਵਿਚ ਭਾਰਤ ਨੂੰ ਟੋਟੇ ਟੋਟੇ ਕਰਨ ਦੀਆਂ ਸਾਜ਼ਿਸ਼ਾਂ ਘੜੀਆਂ ਜਾਂਦੀਆਂ ਹਨ ਪਰ ਇੰਗਲੈਂਡ ਦੀ ਟੋਰੀ ਸਰਕਾਰ ਨੇ ਇਸ ਸਬੰਧੀ ਕੋਈ ਵੀ ਐਕਸ਼ਨ ਲੈਣ ਤੋਂ ਇਨਕਾਰ ਕੀਤਾ ਹੈ। ਦੱਖਣੀ ਅਫਰੀਕਾ ਦੇ ਮਾਮਲੇ ਸਬੰਧੀ ਵੀ ਭਾਰਤ ਸਰਕਾਰ ਤੇ ਇੰਗਲੈਂਡ ਦੀ ਸਰਕਾਰ ਵਿਚ ਸਬੰਧ ਵਿਗੜੇ ਹਨ।

ਗੁੰਡੂ ਰਾਏ ਨੇ ਨਵੀਂ ਕਾਂਗਰਸ ਬਣਾ ਲਈ

ਨਵੀਂ ਦਿੱਲੀ — ਕਾਂਗਰਸ (ਆਈ) ਵਿਚ ਤਰੇੜਾਂ ਪੈਣ ਦੀਆਂ ਖਬਰਾਂ ਕਾਫੀ ਦੇਰ ਤੋਂ ਆ ਰਹੀਆਂ ਸਨ ਅਤੇ ਕਮਲਾਪਤੀ ਤ੍ਰਿਪਾਠੀ, ਏ. ਪੀ. ਸ਼ਰਮਾ, ਤੇ ਪ੍ਰਣਾਬ ਮੁਕਰਜੀ ਕਾਫੀ ਦੇਰ ਤੋਂ ਨਵੀਂ ਕਾਂਗਰਸ ਬਣਾਉਣ ਦੀਆਂ ਸਕੀਮਾਂ ਬਣਾ ਰਹੇ ਹਨ ਪਰ ਕੱਲ੍ਹ ਇਕ ਕਾਂਗਰਸੀ ਆਗੂ ਗੁੰਡੂ ਰਾਏ ਸਾਬਕਾ ਮੁਖ ਮੰਤਰੀ ਨੇ ਨਵੀਂ ਕਾਂਗਰਸ ਬਣਾਉਣ ਦਾ ਐਲਾਨ ਕਰ ਦਿਤਾ ਹੈ। ਰਾਜੀਵ ਗਾਂਧੀ ਨੇ ਨਵੀਂ ਕਾਂਗਰਸ ਬਣਾਉਣ ਦੀ ਸਾਜ਼ਿਸ਼ ਨੂੰ ‘ਚਾਹ ਦੇ ਕੱਪ ਵਿਚ ਤੂਫਾਨ’ ਕਹਿੰਦਿਆਂ ਕਿਹਾ ਹੈ ਕਿ ਅਜਿਹੀਆਂ ਕਾਂਗਰਸ ਪਾਰਟੀਆਂ ਕਿੰਨੀ ਵਾਰ ਬਣੀਆਂ ਤੇ ਟੁੱਟੀਆਂ ਹਨ। ਉਨ੍ਹਾਂ ਕਿਹਾ ਕਿ ਗੁੰਡੂ ਰਾਏ ਕਾਂਗਰਸ ਵਿਚ ਕੋਈ ਪ੍ਰਭਾਵਸ਼ਾਲੀ ਵਿਅਕਤੀ ਸ਼ਾਮਲ ਹੋਣ ਦੀ ਸੰਭਾਵਨਾ ਨਹੀਂ।

ਪੰਜਾਬੀ ਮਾਰਕਿਟ ਵਿਚ ਡਰਾਈਵਿੰਗ ਸਕੂਲ ਨੂੰ ਅੱਗ ਲੱਗੀ

ਵੈਨਕੂਵਰ — ‘ਸਨ’ ਅਖਬਾਰ ਦੀ ਖਬਰ ਅਨੁਸਾਰ ਜੌਹਨਸਟੋਨ ਡਰਾਈਵਿੰਗ ਸਕੂਲ 6602 ਮੇਨ ਸਟਰੀਟ ਵਿਚ ਅੱਗ ਕਿਸੇ ਸ਼ਰਾਰਤੀ ਵਲੋਂ ਲਾਈ ਜਾਣ ਦਾ ਸ਼ੱਕ ਕੀਤਾ ਜਾਂਦਾ ਹੈ। ਪਿਛਲੇ ਵੀਰਵਾਰ ਇਹ ਅੱਗ ਲੱਗਣ ਨਾਲ ਬਿਲਡਿੰਗ ਦਾ ਕਾਫੀ ਨੁਕਸਾਨ ਹੋਇਆ ਦੱਸਿਆ ਗਿਆ ਹੈ। ਇਸ ਬਿਲਡਿੰਗ ਵਿਚ ਤਿੰਨ ਹੋਰ ਦੁਕਾਨਾਂ ਦਾ ਕਾਫੀ ਨੁਕਸਾਨ ਹੋਇਆ ਹੈ।

ਪੁਲਸ ਅਨੁਸਾਰ ਅਜੇ ਤੱਕ ਕੋਈ ਗ੍ਰਿਫਤਾਰੀ ਨਹੀਂ ਕੀਤੀ ਗਈ।

ਮੀਜ਼ੋਰਾਮ ਵਿਚ ਨਵੀਂ ਵਜ਼ਾਰਤ ਕਾਇਮ

ਲਾਲਡੇਂਗਾ ਮੁੱਖ ਮੰਤਰੀ ਬਣਿਆ

ਨਵੀਂ ਦਿੱਲੀ — ਇਥੇ ਪੁੱਜੀਆਂ ਖਬਰਾਂ ਅਨੁਸਾਰ ਭਾਰਤ ਦੇ 23ਵੇਂ ਸੂਬੇ ਮੀਜ਼ੋਰਾਮ ਵਿਚ ਸ੍ਰੀ ਲਾਲਡੇਂਗਾ ਦੇ ਅਗਵਾਈ ਹੇਠ ਮੰਤਰੀ ਮੰਡਲ ਨੇ ਸਹੁੰ ਚੁਕ ਲਈ ਹੈ ਅਤੇ ਲਾਲਡੇਂਗਾ ਇਸ ਦੇ ਮੁਖ ਮੰਤਰੀ ਬਣਾਏ ਗਏ ਹਨ। ਲਾਲਡੇਂਗਾ ਸਰਕਾਰ ਵਿਚ ਨੌਂ ਮੰਤਰੀ ਹਨ। ਲਾਲਡੇਂਗਾ ਪਾਰਟੀ ਦੇ ਚਾਰ ਮੰਤਰੀ ਅਤੇ ਕਾਂਗਰਸ (ਆਈ) ਦੇ ਪੰਜ ਮੰਤਰੀਆਂ ਨੇ ਆਪਣੇ ਅਹੁਦੇ ਦਾ ਹਲਫ ਲੈ ਲਿਆ।

ਸਰਹੱਦੀ ਪੱਟੀ ਬਾਰੇ ਫੈਸਲਾ ਰੋਕ ਲਿਆ ਗਿਆ

ਬਰਨਾਲਾ ਦੀ ਵਿਰੋਧਤਾ ਕਾਰਨ ਗ੍ਰਹਿਮੰਤਰੀ ਝੁਕਿਆ

ਨਵੀਂ ਦਿੱਲੀ — ਪੰਜਾਬ, ਰਾਜਸਥਾਨ, ਜੰਮੂ ਕਸ਼ਮੀਰ ਅਤੇ ਗੁਜਰਾਤ ਵਿਚ ਪੰਜ ਕਿਲੋਮੀਟਰ ਦੀ ਸਰਹੱਦੀ ਪੱਟੀ ਜਿਥੇ ਫੌਜ ਤਾਇਨਾਤ ਕੀਤੀ ਜਾਣੀ ਸੀ ਅਤੇ ਜਿਸ ਬਾਰੇ ਬਿੱਲ ਰਾਜ ਸਭਾ ਨੇ ਵੀ ਪਾਸ ਕਰ ਦਿਤਾ ਹੈ। ਉਤੇ ਕਾਰਵਾਈ ਰੋਕ ਦਿਤੀ ਗਈ ਹੈ। ਇਥੇ ਦੇ ਸੂਤਰਾਂ ਅਨੁਸਾਰ ਪੰਜਾਬ ਦੇ ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਧਮਕੀ ਦਿਤੀ ਸੀ ਕਿ ਜੇ ਸਰਹੱਦੀ ਪੱਟੀ ਉਤੇ ਫੌਜ ਤਾਇਨਾਤ ਕੀਤੀ ਗਈ ਤਾਂ ਉਹ ਮੁਖ ਮੰਤਰੀ ਦੇ ਪਦ ਤੋਂ ਅਸਤੀਫਾ ਦੇ ਦੇਣਗੇ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਕੋਈ ਹੱਕ ਨਹੀਂ ਕਿ ਉਹ ਰਾਜਾਂ ਦੇ ਮਾਮਲਿਆਂ ਵਿਚ ਦਖਲ ਦੇਵੇ। ਸੂਤਰਾਂ ਅਨੁਸਾਰ ਉਨ੍ਹਾਂ ਗ੍ਰਹਿ ਮੰਤਰੀ ਬੂਟਾ ਸਿੰਘ ਨੂੰ ਕਿਹਾ ਕਿ ਜਦ ਪੰਜਾਬ ਸਰਕਾਰ ਅਤਿਵਾਦੀ ਕਾਰਵਾਈਆਂ ਉਤੇ ਕਾਬੂ ਪਾਉਣ ਦੇ ਸਮਰੱਥ ਹੈ ਤਾਂ ਕੇਂਦਰ ਸਰਕਾਰ ਇਸ ਮਾਮਲੇ ਵਿਚ ਦਖਲ ਨਾ ਦੇਵੇ। ਦਖਲ ਨਾਲ ਰਾਜਾਂ ਦੇ ਅਧਿਕਾਰਾਂ ਦੀ ਤੌਹੀਨ ਹੁੰਦੀ ਹੈ।

ਲੋਕ ਸਭਾ ਵਲੋਂ ਦਹਿਸ਼ਤ-ਵਿਰੋਧੀ ਫੋਰਸ ਕਾਇਮ

ਲੋਕ ਸਭਾ ਵਿਚ ਗ੍ਰਹਿ ਮੰਤਰੀ ਬੂਟਾ ਸਿੰਘ ਨੇ ਦਹਿਸ਼ਤ-ਵਿਰੋਧੀ ਫੋਰਸ ਕਾਇਮ ਕਰਨ ਲਈ ਇਕ ਬਿੱਲ ਪੇਸ਼ ਕੀਤਾ ਜਿਸ ਅਨੁਸਾਰ ਪੁਲਸ, ਫੌਜ ਤੇ ਨੀਮ-ਫੌਜੀ ਦਸਤਿਆਂ ਉਤੇ ਆਧਾਰਿਤ ਇਕ ਫੋਰਸ ਕਾਇਮ ਕੀਤੀ ਜਾਵੇਗੀ ਜੋ ਦਹਿਸ਼ਤਪਸੰਦਾਂ ਵਿਰੁੱਧ ਅਸਰਦਾਰ ਕਾਰਵਾਈ ਕਰ ਸਕੇ। ਇਸ ਨਾਲ ਹੀ ਸਰਹੱਦੀ ਪੱਟੀ ਉਤੇ ਫੌਜ ਤਾਇਨਾਤ ਕਰਨ ਦੇ ਫੈਸਲੇ ਨੂੰ ਲਾਗੂ ਕਰਨ ਵਿਚ ਰੋਕ ਲਾ ਦਿਤੀ ਗਈ।

ਜ਼ਿਆ ਹੱਜ ਕਰਨ ਪਿਛੋਂ ਵਾਪਸ ਪਾਕਿਸਤਾਨ ਪਹੁੰਚਿਆ

'ਜ਼ਿਆ ਦੇ ਹੱਥ ਲੋਕਾਂ ਦੇ ਖ਼ੂਨ ਨਾਲ ਰੰਗੇ' ਵਿਰੋਧੀ ਨੇਤਾ

ਇਸਲਾਮਾਬਾਦ — ਪਾਕਿਸਤਾਨ ਦਾ ਫੌਜੀ ਡਿਕਟੇਟਰ ਜ਼ਿਆ-ਉਲ-ਹੱਕ ਆਪਣੀ ਮੱਕੇ ਦੀ ਹੱਜ ਯਾਤਰਾ ਤੋਂ ਪਿਛੋਂ ਇਥੇ ਪਹੁੰਚ ਗਿਆ। ਇਸੇ ਦੌਰਾਨ ਪੀਪਲਜ਼ ਪਾਰਟੀ ਤੇ ਐਮ. ਆਰ. ਡੀ. ਵਲੋਂ ਮੁਜ਼ਾਹਰੇ ਲਗਾਤਾਰ ਲਾਮਬੰਦ ਹੋ ਰਹੇ ਹਨ। ਗ਼ੈਰ ਸਰਕਾਰੀ ਸੂਤਰਾਂ ਅਨੁਸਾਰ ਪੁਲਸ ਅਤੇ ਫੌਜ ਵਲੋਂ 100 ਤੋਂ ਵੱਧ ਵਿਅਕਤੀ ਮਾਰੇ ਜਾ ਚੁਕੇ ਹਨ।

ਪਿਛਲੇ ਦਿਨ ਦੋ ਵਿਅਕਤੀ ਪੁਲਸ ਨੇ ਗੋਲੀਆਂ ਨਾਲ ਭੁੰਨ ਦਿਤੇ। ਸਿੰਧ ਸੂਬੇ ਵਿਚ ਜਿਥੇ ਜ਼ਿਆ ਵਿਰੋਧਤਾ ਸਿਖਰਾਂ ਉਤੇ ਪੁਜ ਚੁਕੀ ਹੈ, ਪੁਲਸ ਨੇ ਸ਼ਾਹਦਾਦਪੁਰ ਵਿਚ ਮੁਜ਼ਾਹਰਾ ਕਰਨ ਵਾਲਿਆਂ ਉਤੇ ਗੋਲੀ ਚਲਾਈ ਜਿਥੇ ਦੋ ਵਿਅਕਤੀ ਮਾਰੇ ਗਏ ਅਤੇ ਚਾਰ ਜ਼ਖਮੀ ਹੋਏ। ਵਿਰੋਧੀ ਨੇਤਾਵਾਂ ਨੇ ਕਿਹਾ ਕਿ ਮਾਰੇ ਜਾਣ ਵਾਲਿਆਂ ਦੀ ਗਿਣਤੀ ਪੰਜ ਹੈ ਅਤੇ ਗਿਆਰਾਂ ਵਿਅਕਤੀ ਜ਼ਖਮੀ ਹੋਏ।

ਪਿੰਡ ਤਬਾਹ ਕਰ ਦਿਤਾ

ਖਬਰਾਂ ਅਨੁਸਾਰ ਫੌਜ ਨੇ ਆਜ਼ਾਬ ਥਹੀਮ ਨਾਂ ਦਾ ਪਿੰਡ ਪੂਰੀ ਤਰ੍ਹਾਂ ਲੁੱਟ ਕੇ ਤਬਾਹ ਕਰ ਦਿਤਾ ਹੈ। ਫੌਜ ਦੇ ਜ਼ਬਰ ਕਾਰਨ ਲੋਕ ਘਬਰਾਹਟ ਵਿਚ ਦੱਸੇ ਜਾਂਦੇ ਹਨ ਪਰ ਲੋਕ-ਤੰਤਰ ਬਹਾਲੀ ਸੰਗਰਾਮ ਦੇ ਨੇਤਾਵਾਂ ਦਾ ਕਹਿਣਾ ਹੈ ਕਿ ਜ਼ਬਰ ਹੋਣ ਦੇ ਬਾਵਜੂਦ ਸੰਗਰਾਮ ਜਾਰੀ ਰਹੇਗਾ।

ਜ਼ਿਆ ਦੀ ਸੁਰੱਖਿਆ ਕਰੜੀ

ਇਸਲਾਮਾਬਾਦ ਪਹੁੰਚਣ ਉਤੇ ਫੌਜੀ ਡਿਕਟੇਟਰ ਜ਼ਿਆ ਨੂੰ ਭਾਰੀ ਸੁਰੱਖਿਆ ਪ੍ਰਬੰਧਾਂ ਹੇਠ ਰੱਖਿਆ ਜਾ ਰਿਹਾ ਹੈ।



ਲਾਹੌਰ ਵਿਚ ਭਾਰੀ ਮੁਜ਼ਾਹਰਾ

15000 ਦੇ ਕਰੀਬ ਲੋਕਾਂ ਨੇ ਲਾਹੌਰ ਵਿਚ ਮੁਜ਼ਾਹਰਾ ਕਰਦਿਆਂ 'ਜ਼ਿਆ ਕੁੱਤਾ ਹਾਏ ਹਾਏ' ਦੇ ਨਾਅਰੇ ਲਾਏ। ਪੁਲਸ ਖੜ੍ਹੀ ਦੇਖਦੀ ਰਹੀ। ਪੱਛਮੀ ਪੰਜਾਬ ਵਿਚ ਵੀ ਜ਼ਿਆ-ਵਿਰੋਧਤਾ ਜ਼ੋਰ ਫੜ ਰਹੀ ਦੱਸੀ ਜਾਂਦੀ ਹੈ।

ਰਾਵਲਪਿੰਡੀ ਵਿਚ ਬੱਸਾਂ ਜਾਲੀਆਂ

ਰਾਵਲਪਿੰਡੀ ਖੇਤਰ ਵੀ ਇਸ ਸਮੇਂ ਜ਼ਿਆ - ਵਿਰੋਧੀ ਮੁਜ਼ਾਹਰਿਆਂ ਦਾ ਅਖਾੜਾ ਬਣ ਗਿਆ ਹੈ। ਇਥੇ ਪੁਲਸ ਅਤੇ ਮੁਜ਼ਾਹਰਾਕਾਰਾਂ ਵਿਚ ਗੋਲੀ ਚੱਲੀ ਅਤੇ ਮੁਜ਼ਾਹਰਾ ਕਰਨ ਵਾਲਿਆਂ ਨੇ ਤਿੰਨ ਬੱਸਾਂ ਜਲਾ ਦਿਤੀਆਂ।

ਸੰਤ ਲੌਂਗੋਵਾਲ ਦੇ ਕਾਤਲਾਂ ਵਿਚੋਂ ਇਕ ਹੋਰ ਫੜਿਆ ਗਿਆ — ਇਕ ਅਤਿਵਾਦੀ ਗ੍ਰੋਹ ਬਾਕੀ ਬਚਿਆ

ਚੰਡੀਗੜ੍ਹ — ਪਤਾ ਲੱਗਾ ਹੈ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਕਤਲ ਕਰਨ ਵਾਲੇ ਗ੍ਰੋਹ ਵਿਚੋਂ ਇਕ ਗੁਰਮੇਲ ਸਿੰਘ ਨਾਂ ਦਾ ਵਿਅਕਤੀ ਵੀ ਫੜਿਆ ਗਿਆ ਹੈ। ਪੁਲਸ ਸੂਤਰਾਂ ਅਨੁਸਾਰ ਪੁਲਸ ਅਤੇ ਨੀਮ-ਫੌਜੀ ਦਸਤਿਆਂ ਨੇ ਪੰਜ ਅਤਿਵਾਦੀ ਗ੍ਰੋਹ ਖਤਮ ਕਰ ਦਿਤੇ ਹਨ। ਇਕ ਅਤਿਵਾਦੀ ਗ੍ਰੋਹ ਅਜੇ ਵੀ ਸਰਗਰਮ ਹੈ। ਜਿਸ ਵਿਚ 24 ਵਿਅਕਤੀ ਸ਼ਾਮਲ ਹਨ। ਇਨ੍ਹਾਂ 24 ਵਿਅਕਤੀਆਂ ਦੇ ਗਰੁੱਪ ਨੂੰ ਮੱਦਦ ਦੇਣ ਵਾਲੇ 23 ਵਿਅਕਤੀ ਹੋਰ ਹਨ। ਪੰਜ ਗਰੋਹਾਂ ਵਿਚ ਸ਼ਾਮਲ ਵਿਅਕਤੀ ਜਾਂ ਤਾਂ ਮਾਰੇ ਜਾ ਚੁਕੇ ਹਨ ਜਾਂ ਫੜੇ ਗਏ ਹਨ।

ਸ੍ਰੀ ਅਕਾਲ ਤਖਤ ਦੇ ਕੋਠਾ ਸਾਹਿਬ ਦੀ ਛੱਤ ਪਾਉਣੀ ਸ਼ੁਰੂ

ਚੰਡੀਗੜ੍ਹ — ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ: ਕਾਬਲ ਸਿੰਘ ਨੇ ਕਿਹਾ ਹੈ ਕਿ 'ਸਰਬ ਹਿੰਦ ਗੁਰਦੁਆਰਾ ਐਕਟ' ਬਾਰੇ ਖਰੜਾ ਸੋਧਾਂ ਪਿਛੋਂ ਸਤੰਬਰ ਦੇ ਅਖੀਰ ਤੱਕ ਕੇਂਦਰ ਸਰਕਾਰ ਦੇ ਹਵਾਲੇ ਕਰ ਦਿਤਾ ਜਾਵੇਗਾ। ਸ. ਕਾਬਲ ਸਿੰਘ ਨੇ ਇਥੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਅਤੇ ਰਾਜ ਸਰਕਾਰ ਵਲੋਂ ਗੁਰਦੁਆਰਾ ਐਕਟ ਦੇ ਖਰੜੇ ਵਿਚ ਸੋਧ ਲਈ ਨਿਯੁਕਤ ਕੀਤੀ ਕਮੇਟੀ ਦੀ ਮੀਟਿੰਗ ਚੰਡੀਗੜ੍ਹ ਵਿਚ ਬੁਲਾਈ ਗਈ। ਮੀਟਿੰਗ ਵਿਚ ਕਮੇਟੀ ਵਲੋਂ ਖਰੜੇ ਦੀਆਂ ਪ੍ਰਸਤਾਵਤ ਸੋਧਾਂ ਨੂੰ ਵਿਚਾਰਿਆ ਗਿਆ।

ਮੀਟਿੰਗ ਲਈ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਗੁਰਚਰਨ ਸਿੰਘ ਟੌਹੜਾ, ਸਿਖ ਬੁੱਧੀਜੀਵੀਆਂ ਅਤੇ ਹੋਰ ਸਿੱਖ ਹਸਤੀਆਂ ਨੂੰ ਵੀ ਸੱਦਾ ਦਿੱਤਾ ਗਿਆ। •

ਗਿਆ। ਇਸ ਮੀਟਿੰਗ ਪਿਛੋਂ ਲੋੜ ਪੈਣ ਤੇ ਖਰੜੇ ਦੀ ਸੋਧ ਲਈ ਬਣੀ ਕਮੇਟੀ ਹੋਰ ਮੀਟਿੰਗਾ ਕਰੇਗੀ। ਇਕ ਸੁਆਲ ਦੇ ਜੁਆਬ ਵਿਚ ਸ. ਕਾਬਲ ਸਿੰਘ ਨੇ ਦੱਸਿਆ ਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਕਾਰ ਸੇਵਾ ਲਈ ਨਿਯੁਕਤ ਕੀਤੀ ਪਹਿਲੀ ਕਮੇਟੀ ਹੀ ਕੰਮ ਚਲਾ ਰਹੀ ਹੈ। ਉਨ੍ਹਾਂ ਨੇ ਅਸਿੱਧੇ ਤੌਰ ਉਤੇ ਇਹ ਗੱਲ ਵੀ ਪ੍ਰਵਾਨ ਕੀਤੀ ਕਿ ਕਾਰ ਸੇਵਾ ਦਾ ਕੰਮ ਪਿਛਲੀ ਕਮੇਟੀ ਦੀ ਨਿਗਰਾਨੀ ਹੇਠ ਤਸੱਲੀਬਖਸ਼ ਢੰਗ ਨਾਲ ਚਲ ਰਿਹਾ ਹੈ। ਕਮੇਟੀ ਨੇ ਕੋਠਾ ਸਾਹਿਬ ਦੀ ਛੱਤ ਪਾਉਣੀ ਸ਼ੁਰੂ ਕਰ ਦਿਤੀ ਹੈ।

ਵਰਨਣਯੋਗ ਹੈ ਕਿ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਦਮਦਮੀ ਟਕਸਾਲ ਨਾਲ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੇ ਸਮਝੌਤੇ ਪਿਛੋਂ ਕਾਰ ਸੇਵਾ ਦਾ ਕੰਮ ਬਾਬਾ ਠਾਕਰ ਸਿੰਘ ਦੀ ਅਗਵਾਈ ਹੇਠ ਬਣੀ ਕਮੇਟੀ ਨੂੰ ਸੌਂਪ ਦਿਤਾ ਸੀ ਸ੍ਰੀ ਹਰਿਮੰਦਰ ਸਾਹਿਬ ਦੁਆਲੇ ਸੀ. ਆਰ. ਪੀ. ਵਲੋਂ ਕਈ ਸਿੱਖ ਸ਼ਰਧਾਲੂਆਂ ਨੂੰ ਪਰੇਸ਼ਾਨ ਕਰਨ ਅਤੇ ਸਿੱਖ ਮਰਿਆਦਾ ਭੰਗ ਕਰਨ ਬਾਰੇ ਪੁੱਛੇ ਗਏ ਸਵਾਲ ਉਤੇ ਟਿੱਪਣੀ ਕਰਦੇ ਹੋਏ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਕਮੇਟੀ ਨੇ ਪੰਜਾਬ ਸਰਕਾਰ ਨੂੰ ਸੀ. ਆਰ. ਪੀ. ਦੀ ਥਾਂ ਬੀ. ਐਸ. ਐਫ. ਜਾਂ ਪੀ. ਏ. ਪੀ. ਲਾਉਣ ਦੀ ਬੇਨਤੀ ਕੀਤੀ ਸੀ। ਰਾਜ ਸਰਕਾਰ ਨੇ ਉਸ ਬੇਨਤੀ ਨੂੰ ਪ੍ਰਵਾਨ ਕਰ ਲਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਹੌਲੀ ਹੌਲੀ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਦੀ ਗਿਣਤੀ ਵਧ ਰਹੀ ਹੈ। ਪ੍ਰੰਤੂ ਪੰਜਾਬ ਤੋਂ ਬਾਹਰੋਂ ਆਉਣ ਵਾਲੇ ਸਿੱਖਾਂ ਦੀ ਗਿਣਤੀ ਅਜੇ ਘੱਟ ਹੈ।

ਨਕੋਈ ਕਾਨਫਰੰਸ : ਮੁੱਠੀ ਭਰ ਅਤਿਵਾਦੀਆਂ ਨੇ ਸਾਰੀ ਕਮਿਊਨਿਟੀ ਦਾ ਨਾ ਬਦਨਾਮ ਕੀਤਾ

ਵੈਨਕੂਵਰ — 'ਸਨ' ਦੀ ਰੀਪੋਰਟਰ ਕਿਮ ਬੋਲਨ ਅਨੁਸਾਰ ਨਕੋਈ ਵਲੋਂ ਆਯੋਜਤ ਇਕ ਕਾਨਫਰੰਸ ਵਿਚ ਬੁਲਾਰਿਆਂ ਨੇ ਕਿਹਾ ਕਿ ਕੈਨੇਡਾ ਵਿਚ ਮੁੱਠੀ ਭਰ ਅਤਿਵਾਦੀਆਂ ਨੇ ਸਾਰੀ ਕਮਿਊਨਿਟੀ ਦਾ ਨਾਂ ਬਦਨਾਮ ਕਰਕੇ ਰਖ ਦਿਤਾ ਹੈ। ਨਕੋਈ ਦੇ ਪ੍ਰਧਾਨ ਮਹਿੰਦਰ ਸਿੰਘ ਗਰੇਵਾਲ ਦਾ ਹਵਾਲਾ ਦਿੰਦਿਆਂ ਅਖਬਾਰ ਨੇ ਲਿਖਿਆ ਹੈ ਕਿ ਅਤਿਵਾਦੀਆਂ ਦੀਆਂ ਕਾਰਵਾਈਆਂ ਨੇ ਸਮੁੱਚੀ ਕਮਿਊਨਿਟੀ ਨੂੰ ਨੁਕਸਾਨ ਪਹੁੰਚਾਇਆ ਹੈ। ਉਨ੍ਹਾਂ ਕਿਹਾ ਕਿ ਇਸ ਮਾਮੂਲੀ ਜਹੀ ਘੱਟ ਗਿਣਤੀ ਦੀਆਂ ਕਾਰਵਾਈਆਂ ਨੂੰ ਕੰਟਰੋਲ ਕਰਨਾ ਮੁਸ਼ਕਲ ਹੋ ਗਿਆ।

ਸ੍ਰੀ ਗਰੇਵਾਲ ਨੇ ਕਿਹਾ ਕਿ ਪਿਛਲੇ ਸਾਲ ਹੋਈਆਂ ਘਟਨਾਵਾਂ ਕਾਰਨ ਕਾਨਫਰੰਸ ਦੀ ਅਹਿਮੀਅਤ ਵਧੀ ਹੈ।

ਅਖਬਾਰ ਅਨੁਸਾਰ ਕਈ ਵਿਅਕਤੀ ਇਸ ਸਮੇਂ ਜੇਲ੍ਹਾਂ ਵਿਚ ਹਨ ਜਿਨ੍ਹਾਂ ਉਤੇ ਏਅਰ-ਇੰਡੀਆ ਉਡਾਉਣ ਸਬੰਧੀ ਕੇਸ ਚਲ ਰਹੇ ਹਨ ਤੇ ਕਈਆਂ ਉਤੇ ਹੋਰ ਮੁਜਰਮਾਨਾ ਦੋਸ਼ ਹਨ।

ਸਨਿਚਰਵਾਰ ਤੇ ਐਤਵਾਰ ਹੋਈ ਇਸ ਕਾਨਫਰੰਸ ਵਿਚ ਮਹਿੰਦਰ ਸਿੰਘ ਗਰੇਵਾਲ ਨੂੰ ਦੁਬਾਰਾ ਨਕੋਈ ਦਾ ਪ੍ਰਧਾਨ ਚੁਣ ਲਿਆ ਗਿਆ।

ਬਿਅੰਤ ਸਿੰਘ ਦਾ ਹੱਥ ਪੱਖੇ 'ਚ ਲੱਗ ਕੇ ਜ਼ਖਮੀ

ਲੁਧਿਆਣਾ — ਪੰਜਾਬ ਪ੍ਰਦੇਸ਼ ਕਾਂਗਰਸ (ਇੰ) ਪ੍ਰਧਾਨ ਬਿਅੰਤ ਸਿੰਘ ਦਾ ਸੱਜਾ ਹੱਥ ਉਸ ਸਮੇਂ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ ਜਦੋਂ ਮਿਲਰਗੰਜ ਵਿਖੇ ਇਕ ਆਮ ਜਲਸੇ ਵਿਚ ਬੋਲਦਿਆਂ ਉਨ੍ਹਾਂ ਦਾ ਹੱਥ ਛੱਤ ਵਾਲੇ ਪੱਖੇ ਵਿਚ ਵੱਜਿਆ।

ਹੀਰੋਸ਼ੀਮਾ ਅਤੇ ਨਾਗਾਸਾਕੀ ਦੇ ਮਹਾਂ ਪੋਲਾਂ ਵਲੋਂ ਲੋਕਾਂ ਨੂੰ ਅਮਨ ਲਈ ਸੱਦਾ

ਮੈਕਸੀਕੋ — ਪ੍ਰਮਾਣੂ ਨਿਸ਼ਸਤਰੀ ਸਿਖਰ ਸੰਮੇਲਨ ਦੇ ਨਾਂ ਸੰਦੇਸ਼ਾਂ ਵਿਚ ਹੀਰੋਸ਼ੀਮਾ ਤੇ ਨਾਗਾਸਾਕੀ ਦੇ ਮਹਾਂਪੋਲਾਂ ਨੇ ਦੁਨੀਆਂ ਭਰ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਪ੍ਰਮਾਣੂ ਸ਼ਸਤਰਾਂ ਨੂੰ ਖਤਮ ਕਰਨ ਲਈ ਇਕਜੁਟ ਹੋਕੇ ਕੰਮ ਕਰਨ। ਇਸ ਸੰਮੇਲਨ ਵਿਚ ਭਾਗ ਲੈਣ ਵਾਲੇ ਛੇ ਦੇਸ਼ਾਂ ਦੇ ਨੇਤਾਵਾਂ ਨੇ ਰੂਸ ਤੇ ਅਮਰੀਕਾ ਦੇ ਰਾਸ਼ਟਰਪਤੀਆਂ ਸ੍ਰੀ ਗੋਰਬਾਚੋਫ ਤੇ ਸ੍ਰੀ ਰੀਗਨ ਨੂੰ ਨਵੇਂ ਪੱਤਰ ਲਿਖਣ ਦਾ ਫੈਸਲਾ ਕੀਤਾ ਹੈ। ਜਦ ਇਹ ਪੱਤਰ ਇਹਨਾ ਨੇਤਾਵਾਂ ਨੂੰ ਮਿਲ ਜਾਣਗੇ ਉਦੋਂ ਇਹਨਾਂ ਨੂੰ ਪ੍ਰਕਾਸ਼ਤ ਕਰ ਦਿਤਾ ਜਾਵੇਗਾ। ਇਸ ਸੰਮੇਲਨ ਵਿਚ ਸਵੀਕਾਰ ਕੀਤੇ ਗਏ ਇਸ ਪ੍ਰਸਤਾਵ ਨੂੰ ਮੈਕਸੀਕੋ ਐਲਾਨ ਕਰਾਰ ਦਿਤਾ ਜਾਏਗਾ। ਇਸ ਦੇ ਨਾਲ ਇਸ ਸੰਮੇਲਨ ਵਿਚ ਇਕ ਮੈਮੋਰੰਡਮ ਵੀ ਤਿਆਰ ਕੀਤਾ ਗਿਆ ਹੈ। ਜਿਸ ਵਿਚ ਪ੍ਰਮਾਣੂ ਤਜਰਬਿਆਂ ਦੀ ਪੁਸ਼ਟੀ ਲਈ ਕੁਝ ਵਿਵਸਥਾਵਾਂ ਕੀਤੀਆਂ ਗਈਆਂ ਹਨ। ਇਸ ਸਿਖਰ ਸੰਮੇਲਨ ਦੇ ਸਮਾਪਤੀ ਸਮਾਗਮ ਵਿਚ ਇਸ ਤੇ ਦਸਖਤ ਕੀਤੇ ਜਾਣਗੇ।

ਜਨਰਲ ਭੁੱਲਰ ਅਮਰੀਕਾ ਛੱਡਣਗੇ

ਵਾਸ਼ਿੰਗਟਨ — ਸਾਬਕਾ ਮੇਜਰ ਜਨਰਲ ਜੇ. ਐਸ. ਭੁੱਲਰ ਨੇ ਅਮਰੀਕੀ ਅਧਿਕਾਰੀਆਂ ਨੂੰ ਦੱਸ ਦਿਤਾ ਹੈ ਕਿ ਉਹ ਪਹਿਲੀ ਸਤੰਬਰ ਤੱਕ ਅਮਰੀਕਾ 'ਚੋਂ ਬਾਹਰ ਚਲੇ ਜਾਣਗੇ। ਸ੍ਰੀ ਭੁੱਲਰ ਵਿਸ਼ਵ ਸਿੱਖ ਜਥੇਬੰਦੀ ਦੇ ਸਾਬਕਾ ਸੈਕਟਰੀ ਜਨਰਲ ਹਨ ਅਤੇ ਉਨ੍ਹਾਂ ਵਿਰੁੱਧ ਹਿੰਦ ਵਿਚ ਕਈ ਕੇਸ ਦਰਜ ਹਨ।

ਤਾਰਾਸ਼ੰਕਰ ਬੰਦੋਪਾਧਿਆਇ ਜੀ ਨੇ ਨਵਾਂ ਨਵਾਂ ਲਿਖਣਾ ਸ਼ੁਰੂ ਕੀਤਾ ਸੀ। ਉਨ੍ਹਾਂ ਦੇ ਇਕ ਦੋਸਤ ਨੇ ਪੁੱਛਿਆ, "ਅੱਜ ਕੱਲ੍ਹ ਕੀ ਕਰ ਰਹੇ ਹੋ?"

"ਕੁਝ ਕਹਾਣੀਆਂ ਲਿਖੀਆਂ ਹਨ" ਤਾਰਾਸ਼ੰਕਰ ਨੇ ਕਿਹਾ।

"ਕੋਈ ਵਿਕੀ?"

"ਹਾਂ, ਕੱਲ੍ਹ ਅਲਮਾਰੀ ਵਿਕ ਗਈ, ਸੋਫਾਸੈਟ ਵਿਕਣਾ ਬਾਕੀ ਹੈ।"

ਸ਼ਿਵ ਸੈਨਾ ਦਾ ਵਕਾਰ ਖਰਾਬ ਕਰਨ ਦੀ ਕੋਸ਼ਿਸ਼

ਪਟਿਆਲਾ — ਉਤਰੀ ਜ਼ੋਨ ਹਿੰਦੂ ਸ਼ਿਵ ਸੈਨਾ ਦੇ ਜਨਰਲ ਸਕੱਤਰ ਰਮੇਸ਼ ਭਾਰਦਵਾਜ ਨੇ ਇਥੇ ਕਿਹਾ ਹੈ ਦਸਮੇਸ਼ ਰਜਮੈਂਟ ਦੇ ਨਾਂ 'ਤੇ ਲਿਖੀਆਂ ਚਿੱਠੀਆਂ ਸ਼ਿਵ ਸੈਨਾ ਵਰਕਰਾਂ ਦੇ ਸਿਰ ਮੜ੍ਹਨ ਦਾ ਮੰਤਵ ਇਸ ਹਿੰਦੂ ਜਥੇਬੰਦੀ ਦਾ ਵਕਾਰ ਖਰਾਬ ਕਰਨਾ ਹੈ। ਉਨ੍ਹਾਂ ਦੱਸਿਆ ਕਿ ਰਾਮਾ ਮੰਡੀ ਵਿਚ ਇਸ ਜਥੇਬੰਦੀ ਦੀ ਕੋਈ ਸ਼ਾਖਾ ਨਹੀਂ ਹੈ। ਫਿਰ ਵੀ ਉਨ੍ਹਾਂ ਕਿਹਾ ਕਿ ਇਸ ਬਾਰੇ ਜਾਂਚ ਕੀਤੀ ਜਾ ਰਹੀ ਹੈ ਅਤੇ ਜੇ ਜਥੇਬੰਦੀ ਦਾ ਕੋਈ ਵਰਕਰ ਅਜਿਹਾ ਕਰਨ ਲਈ ਕਸੂਰਵਾਰ ਪਾਇਆ ਗਿਆ ਤਾਂ ਉਸ ਨੂੰ ਜਥੇਬੰਦੀ 'ਚੋਂ ਕੱਢਿਆ ਜਾਵੇਗਾ।

THE CANADA DARPAN
(Punjabi Weekly Newspaper)
P.O.BOX 265
Surrey, B.C. V3T 4W8
Chief Editor: (Hon.) DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
Ph. 581-4473

ਮੁਕਤਸਰ ਦੀ ਹਿੰਸਾ- ਦਿੱਲੀ ਦੇ ਦੰਗੇ : ਸਾਜ਼ਿਸ਼ ਕਾਮਯਾਬ

ਡਾ: ਮਹੀਪ ਸਿੰਘ

26 ਜੁਲਾਈ ਨੂੰ ਦਿੱਲੀ ਵਿਚ ਪਹਿਲੀ ਵਾਰ ਹਿਦੂਆਂ ਅਤੇ ਸਿੱਖਾਂ ਵਿਚਾਲੇ ਫਿਰਕੂ ਫਸਾਦ ਹੋਏ ਜਿਸ ਤਰ੍ਹਾਂ ਕਿ ਪਹਿਲਾਂ ਹਿੰਦੂਆਂ ਅਤੇ ਮੁਸਲਮਾਨਾਂ ਵਿਚਾਲੇ ਦੇਸ਼ ਵਿਚ ਕਈ ਦਹਾਕਿਆਂ ਤੋਂ ਹੁੰਦੇ ਆ ਰਹੇ ਹਨ। ਨਵੰਬਰ 1984 ਵਿਚ ਜੋ ਕੁਝ ਹੋਇਆ ਸੀ, ਉਹ ਦੰਗੇ ਨਹੀਂ ਸਨ। ਉਹ ਸਰਕਾਰ ਅਤੇ ਪ੍ਰਸ਼ਾਸਨ ਦੀ ਸ਼ਹਿ ਤੇ ਇਕ ਰਾਜਸੀ ਪਾਰਟੀ ਦੇ ਆਗੂਆਂ/ਕਾਰਕੂੰਨਾਂ ਵੱਲੋਂ ਗਿਣੇ ਮਿਥੇ ਗਏ ਢੰਗ ਨਾਲ ਗੁੰਡਿਆਂ ਅਤੇ ਸਮਾਜਕ ਤੱਤਾਂ ਨੂੰ ਭੜਕਾ ਕੇ ਅਤੇ ਉਹਨਾਂ ਦਾ ਸਾਥ ਦੇ ਕੇ ਕਰਾਇਆ ਗਿਆ ਕਤਲੇਆਮ ਸੀ। ਉਸ ਭੀੜ ਵਿਚ ਸਿੱਖਾਂ ਨੂੰ ਮਾਰਨ ਅਤੇ ਲੁੱਟਣ ਦੇ ਲਈ ਗੈਰ ਹਿਦੂ ਗੁੰਡੇ ਵੀ ਸ਼ਾਮਲ ਸਨ ਅਤੇ ਦਿੱਲੀ ਦੀਆਂ ਅਨੇਕਾਂ ਕਾਲੋਨੀਆਂ ਵਿਚ ਉਹਨਾਂ ਦਾ ਮੁਕਾਬਲਾ ਕਰਨ ਵਿਚ ਹਿੰਦੂ ਵੀ ਸਿੱਖਾਂ ਦੇ ਨਾਲ ਸਨ। ਇਸ ਵਾਰ ਦਾ ਦੰਗਾ ਪੀੜਤ ਇਲਾਕਾ ਤਿਲਕ ਨਗਰ ਉਸ ਵਾਰੀ ਗੁੰਡਿਆਂ ਅਤੇ ਅਰਾਜਕਤਾ ਫੈਲਾਉਣ ਵਾਲਿਆਂ ਦਾ ਮੁਕਾਬਲਾ ਕਰਨ ਵਿਚ ਇਕ ਮੁਠ ਸੀ।

ਇਸ ਵਾਰ ਦਿੱਲੀ ਵਿਚ ਹੋਏ ਉਹ ਸਹੀ ਅਰਥਾਂ ਵਿਚ ਦੰਗੇ ਸਨ। ਇਸ ਵਾਰ ਇਨ੍ਹਾਂ ਨੂੰ ਗੁੰਡੇ ਜਾਂ ਅਰਾਜਕਤਾ ਫੈਲਾਉਣ ਵਾਲੇ ਤੱਤ ਕਹਿ ਕੇ ਟਾਲਿਆ ਨਹੀਂ ਜਾ ਸਕਦਾ। ਉਸ ਸਮੇਂ ਬਹੁਤੀਆਂ ਕਾਲੋਨੀਆਂ ਵਿਚ 'ਬਾਹਰ' ਤੋਂ ਲੋਕ ਆਏ ਸਨ। ਪੁਨਰਵਾਸ ਕਾਲੋਨੀਆਂ ਨੂੰ ਛੱਡ ਕੇ ਕਿਤੇ ਵੀ ਕਿਸੇ ਕਾਲੋਨੀ ਦੇ ਅੰਦਰ ਦੇ ਲੋਕਾਂ ਨੇ ਇਕ ਦੂਜੇ ਤੇ ਹਮਲਾ ਨਹੀਂ ਕੀਤਾ ਸੀ। ਇਸ ਵਾਰ ਤਿਲਕ ਨਗਰ ਅਤੇ ਆਲੇ ਦੁਆਲੇ ਦੇ ਮਹੁੱਲਿਆਂ ਵਿਚ ਰਹਿਣ ਵਾਲੇ ਹਿੰਦੂ ਅਤੇ ਸਿਖ ਇਕ ਦੂਸਰੇ ਨੂੰ ਤਲਵਾਰਾਂ ਤੇ ਤ੍ਰਿਸ਼ੂਲ ਦਿਖਾਉਂਦੇ ਖੜੇ ਸਨ ਅਤੇ ਮਰਨ ਵਾਲਿਆਂ ਚੋਂ ਬਹੁਤੇ ਲੋਕ ਉਸੇ ਤਰ੍ਹਾਂ ਮਰੇ ਜਿਸ ਤਰ੍ਹਾਂ ਆਮ ਦੰਗਿਆਂ ਵਿਚ ਮਰਦੇ ਹਨ- ਛੁਰੇਬਾਜ਼ੀ ਨਾਲ, ਪੱਥਰਾਂ ਨਾਲ ਅਤੇ ਪੁਲਸ ਗੋਲੀ ਨਾਲ। ਦੰਗਾਕਾਰੀਆਂ ਨੇ ਘਰ, ਦੁਕਾਨਾਂ ਅਤੇ ਮੋਟਰ ਗੱਡੀਆਂ ਸਾੜੀਆਂ ਤੇ ਧਾਰਮਕ ਅਸਥਾਨਾਂ ਨੂੰ ਵੀ ਆਪਣੇ ਹਮਲਿਆਂ ਦਾ ਨਿਸ਼ਾਨਾ ਬਣਾਇਆ।

ਫਿਰਕੂ ਦ੍ਰਿਸ਼ਟੀ ਤੋਂ ਹਿੰਦੂ ਸਿੱਖਾਂ ਨੇ ਹੁਣ ਇਕ ਨਵੇਂ ਅਤੇ ਵਧੇਰੇ ਖਤਰਨਾਕ ਦੌਰ ਵਿਚ ਪ੍ਰਵੇਸ਼ ਕੀਤਾ ਹੈ। ਨਵੰਬਰ 1984 ਦੇ ਦੰਗੇ ਹਿੰਦੂ-ਸਿੱਖਾਂ ਨੂੰ ਫਿਰਕੂ ਅਧਾਰ ਤੇ ਵੰਡ ਸਕਣ ਵਿਚ ਕੁਝ ਹੱਦ ਤੱਕ ਹੀ ਸਫਲ ਹੋਏ ਸਨ। ਮਨੁੱਖੀ ਆਜ਼ਾਦੀ ਦੇ ਖੇਤਰ ਵਿਚ ਕੰਮ ਕਰਨ ਵਾਲੀਆਂ ਸੰਸਥਾਵਾਂ ਦੇ ਹਜ਼ਾਰਾਂ ਕਾਰਕੁਨ ਜੋ ਵਧੇਰੇ ਹਿੰਦੂ ਸਨ ਨੇ ਜਿਸ ਲਗਨ ਅਤੇ ਸੇਵਾ ਭਾਵ ਨਾਲ ਨਵੰਬਰ 1984 ਦੇ ਸਿਖ ਦੰਗਾ ਪੀੜਤਾਂ ਦੇ ਦਰਮਿਆਨ ਕੰਮ ਕੀਤਾ ਸੀ, ਉਸ ਨੇ ਸਿੱਖਾਂ ਦੇ ਮਨਾਂ ਚੋਂ ਪੈਦਾ ਹੋਈ ਵੱਖਵਾਦ ਦੀ ਭਾਵਨਾ ਨੂੰ ਬੜੀ ਹੱਦ ਤੱਕ ਰੋਕਿਆ ਸੀ। ਕਈ ਥਾਵਾਂ ਤੇ ਹਿੰਦੂਤਵ ਦਾ ਨਾਂ ਲੈ ਕੇ ਸਿੱਖਾਂ ਨਾਲ ਅਨਿਆਂ ਹੋਇਆ ਸੀ। ਵਾਰਾਨਸੀ ਦੇ ਇਕ ਇਤਿਹਾਸਕ ਗੁਰਦੁਆਰੇ ਤੇ ਕੁਝ ਲੋਕਾਂ ਨੇ ਇੰਦਰਾ ਗਾਂਧੀ ਦੇ ਕਤਲ ਦੇ ਮੌਕੇ ਦਾ ਫਾਇਦਾ ਲੈ ਕੇ ਕਬਜ਼ਾ ਕਰ ਲਿਆ ਸੀ ਅਤੇ ਉਸ ਨੂੰ ਹਨੂਮਾਨ ਮੰਦਰ ਬਣਾ ਦਿੱਤਾ ਸੀ। ਉਥੇ ਅੱਜ ਵੀ ਜੰਦਰਾ ਲੱਗਾ ਹੋਇਆ ਹੈ। ਪੂਰਬੀ ਦਿੱਲੀ ਦੇ ਸਰਦਾਰ ਅਰਜਨ ਸਿੰਘ ਖੁਰਾਨਾ ਦੀ ਜ਼ਮੀਨ ਤੇ ਜਬਰਨ ਕਬਜ਼ਾ ਕਰਕੇ ਅੱਜ ਵੀ ਲੋਕ ਉਸ ਨੂੰ ਮੰਦਰ ਬਣਾਈ ਬੈਠੇ ਸਨ। ਅਜਿਹੀਆਂ ਹਾਲਤਾਂ ਵਿਚ ਵੀ ਮੇਰੇ ਵਰਗੇ ਆਦਮੀ ਇਹ ਸਟੈਂਡ ਲੈਂਦੇ ਰਹੇ ਕਿ ਇਹ ਕੁਝ ਇਕ ਸ਼ਰਾਰਤੀ ਲੋਕਾਂ ਦਾ ਕੰਮ ਹੈ। ਇਸ ਨੂੰ ਹਿੰਦੂ ਸੰਪਰਦਾਇਕਤਾ ਨਾਲ ਜੋੜਨਾ ਠੀਕ ਨਹੀਂ ਹੈ। 26 ਜੁਲਾਈ ਦੇ ਦੰਗਿਆਂ ਕਾਰਨ ਇਸ ਖੁਸ਼ਫਹਿਮੀ ਨੂੰ ਵੀ ਇਕ ਕਰਾਰੀ ਸੱਟ ਵੱਜੀ ਹੈ

ਪਿਛਲੇ ਪੰਜ ਸਾਲਾਂ ਵਿਚ ਪੰਜਾਬ ਲਗਾਤਾਰ ਅਤਵਾਦੀ ਆਤੰਕਵਾਦੀ ਕਾਰਵਾਈਆਂ ਦਾ ਅਖਾੜਾ ਬਣਿਆ ਰਿਹਾ ਹੈ। 5 ਅਕਤੂਬਰ 1983 ਨੂੰ ਪੰਜਾਬ ਵਿਚ ਅਜਿਹੀ ਪਹਿਲੀ ਨਿਰਦਈ ਘਟਨਾ ਹੋਈ ਸੀ, ਜਦ ਆਤੰਕਵਾਦੀਆਂ ਨੇ 6 ਬੇਕਸੂਰ ਲੋਕਾਂ ਨੂੰ ਬੱਸ ਵਿਚੋਂ ਲਾਹ ਕੇ ਗੋਲੀਆਂ ਨਾਲ ਹਲਾਕ ਕਰ ਦਿੱਤਾ ਸੀ। ਉਸ ਤੋਂ ਬਾਦ ਘਟਨਾ ਚੱਕਰ ਤੇਜ਼ੀ ਨਾਲ ਘੁੰਮਣ ਲੱਗਾ ਤੇ ਉਸੇ ਦਿਸ਼ਾ ਵਿਚ ਘੁੰਮਣ ਲੱਗਾ ਜਿਸ ਪਾਸੇ ਵੱਲ ਕਥਿਤ ਅਤਿਵਾਦੀ ਘੁਮਾਉਣਾ ਚਾਹੁੰਦੇ ਸਨ। ਉਹ ਚਾਹੁੰਦੇ ਸਨ ਕਿ ਪੰਜਾਬ ਦੀ ਫਿਰਕੂ ਸਦਭਾਵਨਾ ਖਤਮ ਹੋ ਜਾਵੇ। ਉਹ ਚਾਹੁੰਦੇ ਸਨ ਕਿ ਇੰਦਰਾ ਗਾਂਧੀ ਦਰਬਾਰ ਸਾਹਿਬ ਵਿਚ ਫੌਜ ਭੇਜ ਕੇ ਅਜਿਹੀ ਕਾਰਵਾਈ ਕਰੇ ਕਿ ਸਿੱਖਾਂ ਦੀਆਂ ਧਾਂਰਮਿਕ ਭਾਵਨਾਵਾਂ ਭੜਕ ਉਠਣ। ਉਹ ਇਹ ਵੀ ਚਾਹੁੰਦੇ ਸਨ ਕਿ ਉਸ ਹਾਲਤ ਵਿਚ ਭਾਰਤੀ ਫੌਜ ਦੇ ਸਿਖ ਜਵਾਨ ਵੀ ਬਾਗੀ ਹੋ ਜਾਣ। ਉਹ ਚਾਹੁੰਦੇ ਸਨ ਕਿ ਪੰਜਾਬ ਵਿਚ ਹਿੰਦੂ-ਸਿਖ ਜਨਤਾ ਵਿਚਾਲੇ ਦੰਗੇ ਸ਼ੁਰੂ ਹੋ ਜਾਣ। ਉਸ ਦੀ ਪ੍ਰਤੀਕਿਰਿਆ ਦੇਸ਼ ਦੇ ਹੋਰ ਹਿਸਿਆਂ ਵਿਚ ਹੋਵੇ ਤੇ ਸਿੱਟੇ ਵਜੋਂ ਆਬਾਦੀ ਦੀ ਅਦਲਾ ਬਦਲੀ ਦਾ ਸਿਲਸਿਲਾ ਸ਼ੁਰੂ ਹੋ ਜਾਵੇ।

ਜਿਵੇਂ ਉਹ ਚਾਹੁੰਦੇ ਸਨ, ਲਗਪਗ ਉਸੇ ਤਰ੍ਹਾਂ ਹੀ ਹੋ ਰਿਹਾ ਹੈ। ਬੀਤੇ ਦੋ ਤਿੰਨ ਸਾਲਾਂ ਵਿਚ ਕਥਿਤ ਆਤੰਕਵਾਦੀਆਂ ਨੇ ਪੰਜਾਬ ਵਿਚ ਲਗਾਤਾਰ ਅਜਿਹੀਆਂ ਹਾਲਤਾਂ ਪੈਦਾ ਕੀਤੀਆਂ ਜਿਸ ਨਾਲ ਚੰਗੇ ਭਲੇ ਲੋਕਾਂ ਦੀ ਸੋਚ ਬਦਲਣ ਲੱਗੀ। ਚੰਗੇ ਗਵਾਂਢੀ, ਜਾਣ ਪਛਾਣ ਵਾਲੇ ਅਤੇ ਦੋਸਤ ਹਿੰਦੂ ਅਤੇ ਸਿੱਖ ਹੋਣ ਦੇ ਨਾਤੇ ਇਕ ਦੂਸਰੇ ਪ੍ਰਤੀ ਕਤਰਾਉਣ ਲੱਗੇ ਜਾਂ ਮਿਲਣ ਤੇ ਸਿਰਫ ਮੌਸਮ ਦੀ ਗੱਲ ਕਰਨ ਲੱਗੇ। ਪਟਿਆਲਾ, ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਹੁਸ਼ਿਆਰਪੁਰ ਆਦਿ ਸ਼ਹਿਰਾਂ ਵਿਚ ਹਿੰਦੂ-ਸਿਖ ਭੀੜਾਂ ਦੇ ਫਿਰਕੂ ਦੰਗਿਆਂ ਦੇ ਨਜ਼ਾਰੇ ਦਿੱਸਣ ਲੱਗੇ। ਬਟਾਲਾ, ਨਕੋਦਰ ਅਤੇ ਤਰਨਤਾਰਨ ਦੀਆਂ ਘਟਨਾਵਾਂ ਨੇ ਇਹ ਸੰਕੇਤ ਵੀ ਦੇਣਾ ਸ਼ੁਰੂ ਕਰ ਦਿੱਤਾ ਹੈ ਕਿ ਜ਼ਹਿਰ ਸ਼ਹਿਰਾਂ ਤੋਂ ਕਸਬਿਆਂ ਵੱਲ ਤੇ ਕਸਬਿਆਂ ਤੋਂ ਪਿੰਡਾਂ ਵੱਲ ਵਧ ਰਿਹਾ ਹੈ।

ਕਥਿਤ ਅਤਿਵਾਦੀਆਂ ਦੀ ਸਭ ਤੋਂ ਜ਼ਿਆਦਾ ਮੱਦਦ ਕੇਂਦਰ ਸਰਕਾਰ ਅਤੇ ਸੱਤਾਧਾਰੀ ਪਾਰਟੀ ਨੇ ਕੀਤੀ। ਇਸ ਗੱਲ ਨੂੰ ਦੁਹਰਾਉਣ ਦੀ ਲੋੜ ਨਹੀਂ ਕਿ ਪੰਜਾਬ ਵਿਚ ਆਤੰਕਵਾਦੀ ਰੁਝਾਨ ਦੇ ਸ਼ੁਰੂ ਦੇ ਸਾਲਾਂ ਵਿਚ ਸੱਤਾਧਾਰੀ ਪਾਰਟੀ ਦੇ ਆਗੂਆਂ ਨੇ ਉਹਨਾਂ ਨਾਲ ਕਿਹੋ ਜਿਹੀ ਗੰਢ ਤੁਪ ਕੀਤੀ ਹੋਈ ਸੀ। ਉਸ ਪਿਛੋਂ ਆਤੰਕਵਾਦੀਆਂ ਦੀ ਕਾਰਵਾਈ ਉਹਨਾਂ ਨੂੰ ਆਪਣੀ ਚੋਣ ਰਾਜਨੀਤੀ ਦੀ ਦ੍ਰਿਸ਼ਟੀ ਤੋਂ ਫਾਇਦੇਮੰਦ ਨਜ਼ਰ ਆਉਣ ਲੱਗੀ। ਜਿਹੜੀ ਗੱਲ ਸ਼ੁਰੂ ਦੇ ਸਾਲਾਂ ਵਿਚ ਬੜੀ ਆਸਾਨੀ ਨਾਲ ਨਿਬੇੜੀ ਜਾ ਸਕਦੀ ਸੀ, ਉਸ ਨੂੰ ਭਿਆਨਕ ਬਿਮਾਰੀ ਦੀ ਹਾਲਤ ਤਕ ਪਹੁੰਚਣ ਦੇਣ ਲਈ ਪੂਰੀ ਢਿੱਲ ਦਿਤੀ ਗਈ। ਆਤੰਕਵਾਦ ਦੀ ਮਾਨਸਿਕਤਾ ਤੋਂ ਜੋ ਲੋਕ ਜਾਣੂ ਹਨ ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਉਸ ਨੂੰ ਪਨਪਣ ਲਈ ਸ਼ਹੀਦੀ ਮੁਦਰਾ ਦੀ ਜ਼ਰੂਰਤ ਹੁੰਦੀ ਹੈ, ਜੋ ਲੋਕਾਂ ਵਿਚ ਉਸ ਪ੍ਰਤੀ ਹਮਦਰਦੀ ਪ੍ਰਗਟ ਕਰੇ, ਡਕੈਤੀ ਨੂੰ ਇਹ ਰੰਗਤ ਮਿਲੇ ਕਿ ਇਹ ਧੰਨ ਕਿਸੇ ਮਹੱਤਵਪੂਰਨ ਢੰਗ ਲਈ ਇਕੱਠਾ ਕੀਤਾ ਜਾ ਰਿਹਾ ਹੈ, ਕਤਲ ਨੂੰ ਇਹ ਰੰਗਤ ਮਿਲੇ ਕਿ 'ਦੁਸ਼ਮਣਾਂ' ਤੋਂ ਬਦਲਾ ਲਿਆ ਜਾ ਰਿਹਾ ਹੈ ਅਤੇ ਮੌਤ ਨੂੰ ਇਹ ਰੰਗਤ ਮਿਲੇ ਕਿ ਆਜ਼ਾਦੀ ਲਈ ਸ਼ਹੀਦੀ ਪ੍ਰਾਪਤ ਕੀਤੀ ਗਈ ਹੈ। ਪੰਜਾਬ ਦੇ ਕਥਿਤ ਆਤੰਕਵਾਦੀ ਇਸ ਮੁਦਰਾ ਅਤੇ ਰੂਪ ਨੂੰ ਗ੍ਰਹਿਣ ਕਰਨ ਲਈ ਸ਼ੁਰੂ ਤੋਂ ਹੀ ਕੋਸ਼ਿਸ਼ ਕਰ ਰਹੇ ਹਨ। ਉਹਨਾਂ ਨੂੰ ਦਬਾਉਣ ਲਈ ਕੇਂਦਰ ਵੱਲੋਂ ਚੁਕਿਆ ਗਿਆ ਲਗਪਗ ਹਰ ਕਦਮ ਦੂਰਦ੍ਰਿਸ਼ਟੀ ਤੋਂ ਰਹਿਤ ਸਾਬਤ ਹੋਇਆ ਅਤੇ ਬਹੁਤੀ ਸਿਖ ਜਨਤਾ ਉਸ ਨੂੰ ਆਪਣੇ ਵਿਰੁਧ ਚਲਾਈ ਗਈ ਮੁਹਿਮ ਸਮਝਣ ਲੱਗੀ।

ਆਤੰਕਵਾਦੀਆਂ ਦੇ ਦੂਸਰੇ ਵੱਡੇ ਮਦਦਗਾਰ ਇਸ ਦੇਸ਼ ਦੇ ਪ੍ਰਚਾਰ ਮਾਧਿਅਮ ਬਣੇ। ਰੇਡੀਓ, ਟੈਲੀਵੀਜ਼ਨ, ਅਤੇ ਅਖਬਾਰਾਂ ਦੀ ਬਹੁਤੀ ਵੱਡੀ ਗਿਣਤੀ ਨੇ ਆਤੰਕਵਾਦੀਆਂ ਦੇ ਮਾਧਿਅਮ ਰਾਹੀਂ ਸਾਰੇ ਸਿਖ ਸਮਾਜ ਨੂੰ ਯੋਜਨਾਬੱਧ ਰੂਪ ਨਾਲ ਬਦਨਾਮ ਕਰਨਾ ਸ਼ੁਰੂ ਕਰ ਦਿੱਤਾ ਅਤੇ ਇਹ ਕੋਸ਼ਿਸ਼ ਕੀਤੀ ਕਿ ਭਾਰਤ ਦੇ ਹਰ ਕੋਨੇ ਵਿਚ ਰਹਿਣ ਵਾਲਾ ਸਿਖ ਵਿਸ਼ਾਲ ਜਨਤੰਤਰਿਕ ਅਤੇ ਬਹੁਧਰਮੀ, ਬਹੁਭਾਸ਼ੀ ਸਮਾਜ ਤੋਂ ਟੁਟਕੇ ਚਾਹੇ ਅਣਚਾਹੇ ਧਾਰਮਿਕ ਕੱਟੜਵਾਦ ਦੀਆਂ ਸੌੜੀਆਂ ਗਲੀਆਂ ਵਿਚ ਸਿਮਟ ਜਾਣ ਲਈ ਮਜ਼ਬੂਰ ਹੋ ਗਏ

ਪੰਜਾਬ ਵਿਚ ਅਕਾਲੀ ਦਲ ਦੀ ਸ਼ੁਰੂ ਤੋਂ ਹੀ ਜਿਹੜੀ ਭੂਮਿਕਾ ਰਹੀ, ਉਸ ਵਿਚ ਇਕ ਪਾਸੇ ਸਿੱਖਾਂ ਦੇ ਅਧਿਕਾਰਾਂ ਦੀ ਰੱਖਿਆ, ਉਹਨਾਂ ਦੀ ਬਰਾਬਰੀ ਅਤੇ ਪਛਾਣ ਦੀ ਰੱਖਿਆ ਦੇ ਨਾਲ ਹੀ ਸਾਰੇ ਦੇਸ਼ ਨਾਲ ਉਹਨਾਂ ਦੇ ਗਹਿਰੇ ਤਾਲਮੇਲ ਤੇ ਜ਼ੋਰ ਦਿਤਾ ਜਾਂਦਾ ਰਿਹਾ ਹੈ।

ਲਗਪਗ 15 ਸਾਲ ਪਹਿਲਾਂ ਗੁਰਚਰਨ ਸਿੰਘ ਟੌਹੜਾ ਦੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣਨ ਦੇ ਬਾਅਦ ਅਕਾਲੀ ਰਾਜਨੀਤੀ ਨੇ ਵੱਖਵਾਦ ਦਾ ਅਜਿਹਾ ਰੁਖ ਗ੍ਰਹਿਣ ਕੀਤਾ ਜੋ ਉਸ ਦੇ ਮੁਢਲੇ ਚਰਿਤਰ ਤੋਂ ਬਹੁਤ ਦੂਰ ਸੀ।

ਹਿੰਦੀ ਪੰਜਾਬੀ ਭਾਸ਼ਾ ਦੇ ਸਵਾਲ ਤੇ ਪੰਜਾਬ ਦੇ ਅਖੌਤੀ ਹਿੰਦੂ ਆਗੂਆਂ ਨੇ ਵੱਖਵਾਦੀ ਭਾਵਨਾ ਨੂੰ ਲਗਾਤਾਰ ਵਧਾਇਆ ਸੀ। ਸ: ਗੁਰਚਰਨ ਸਿੰਘ ਟੌਹੜਾ, ਸ. ਮੋਹਣ ਸਿੰਘ ਤੁੜ ਅਤੇ ਜਗਦੇਵ ਸਿੰਘ ਤਲਵੰਡੀ ਦੀ ਅਗਵਾਈ ਵਿਚ ਜੋ* ਅਕਾਲੀ ਰਾਜਨੀਤੀ ਪੈਦਾ ਹੋਈ ਉਹ ਆਰੀਆ ਸਮਾਜੀਆਂ ਦੀ ਸ਼ਬਦੀ ਜੰਗ ਦੀ ਘਿਰਣਾ ਦਾ ਅਜਿਹਾ ਜਵਾਬ ਸੀ ਜਿਸ ਨਾਲ ਅਗੇ ਚਲ ਕੇ ਕਤਲਾਂ ਦੀ ਰਾਜਨੀਤੀ ਦੀ ਪਿਠਭੂਮੀ ਬਣੀ।

ਪਤਾ ਨਹੀਂ ਕਿੰਨੇ ਹਨੇਰੇ ਤੇ ਟੇਡੇ ਰਸਤਿਆਂ ਅਤੇ ਮੋੜਾਂ ਤੋਂ ਲੰਘਦੀ ਹੋਈ ਪੰਜਾਬ ਦੀ ਰਾਜਨੀਤੀ 26 ਜੁਲਾਈ ਨੂੰ ਤਿਲਕ ਨਗਰ ਦੇ ਚੌਰਾਹੇ ਤੇ ਆਣ ਪੁਜੀ ਆਤੰਕਵਾਦੀਆਂ ਦਾ, ਪੰਜਾਬ ਦੇ ਹਿੰਦੂ ਅਤੇ ਸਿੱਖ ਵੱਖਵਾਦੀਆਂ ਦਾ ਅਤੇ ਵਿਦੇਸ਼ੀ ਤਾਕਤਾਂ ਦਾ ਦਿਲ ਬੜਾ ਖੁਸ਼ ਹੈ ਕਿ ਆਖਰਕਾਰ ਉਹ 'ਨਹੁੰ-ਮਾਸ' ਦੇ ਰਿਸ਼ਤਿਆਂ ਵਾਲੇ ਹਿੰਦੂਆਂ ਸਿੱਖਾਂ ਨੂੰ ਉਸ ਥਾਂ ਤੇ ਲਿਆਉਣ ਵਿਚ ਸਫਲ ਹੋ ਗਏ ਹਨ ਜਿਥੇ ਉਹ ਗਲਾਂ ਵਿਚ ਬਾਹਾਂ ਪਾਉਣ ਦੀ ਥਾਂ ਤਲਵਾਰਾਂ ਅਤੇ ਤ੍ਰਿਸ਼ੂਲਾਂ ਨਾਲ ਇਕ ਦੂਸਰੇ ਦਾ ਸਾਹਮਣਾ ਕਰ ਰਹੇ ਹਨ।

ਇਸ ਵੇਲੇ ਆਤੰਕਵਾਦੀਆਂ ਦੀ ਸਭ ਤੋਂ ਵੱਡੀ ਮਦਦਗਾਰ ਭਾਰਤੀ ਜਨਤਾ ਪਾਰਟੀ ਹੈ। ਦੋ ਸਾਲ ਪਹਿਲਾਂ ਇੰਕਾ ਨੇ ਇਸੇ ਨੀਤੀ ਦੇ ਸਹਾਰੇ ਚੋਣਾਂ ਵਿਚ ਵੱਡੀ ਜਿੱਤ ਹਾਸਲ ਕੀਤੀ ਸੀ। ਪਰ ਇਹ ਜ਼ਮੀਨ ਤਾਂ ਭਾਜਪਾ ਦੀ ਸੀ।

ਬਾਕੀ ਪੰਨਾ 5 ਉਤੇ

ਪੀ. ਸੀ. ਸੇਠੀ ਦੀ ਕਰਤੂਤ

ਪ੍ਰਕਾਸ਼ ਚੰਦ ਸੇਠੀ ਨੇ ਜੋ ਕਰਤੂਤ ਦਿੱਲੀ ਵਿਚ ਕੀਤੀ ਹੈ ਇਸਨੂੰ ਵਿਅਕਤੀਗਤ ਘਟਨਾ ਸਮਝਕੇ ਅਣਗੌਲਿਆ ਨਹੀਂ ਕੀਤਾ ਜਾਣਾ ਚਾਹੀਦਾ। ਇਹ ਵਿਅਕਤੀ ਕੇਵਲ ਮੱਧ ਪ੍ਰਦੇਸ਼ ਦਾ ਸਾਬਕਾ ਮੁਖ ਮੰਤਰੀ ਹੀ ਨਹੀਂ ਸਗੋਂ ਭਾਰਤ ਦਾ ਗ੍ਰਹਿ ਮੰਤਰੀ ਰਹਿ ਚੁਕਾ ਹੈ। ਇਸ ਦਾ ਸ਼ਰਾਬ ਪੀਕੇ ਟੈਲੀਫੋਨ ਕੰਪਨੀ ਦੇ ਦਫਤਰ ਜਾਣਾ ਤੇ ਪਿਸਤੌਲ ਨਾਲ ਧਮਕੀ ਦੇਣਾ ਇਕ ਰਾਜਸੀ ਨੇਤਾ ਲਈ ਸ਼ਰਮ ਨਾਲ ਡੁੱਬ ਕੇ ਮਰਨ ਵਾਲੀ ਗੱਲ ਹੈ। ਇਸ ਸਮੇਂ ਵੀ ਉਹ ਪਾਰਲੀਮੈਂਟ ਦਾ ਮੈਂਬਰ ਹੈ। ਬੇਸ਼ਕ ਉਸ ਨੇ ਆਪਣੀ ਗ਼ਲਤੀ ਮੰਨ ਲਈ ਹੈ ਅਤੇ ਮੁਆਫੀ ਵੀ ਮੰਗੀ ਹੈ ਪਰ ਇਹ ਗੱਲ ਮੁਆਫੀ ਤੱਕ ਹੀ ਸੀਮਤ ਨਹੀਂ ਰਹਿਣੀ ਚਾਹੀਦੀ। ਅਜਿਹੇ ਵਿਅਕਤੀ ਉਤੇ ਕਾਤਲਾਨਾ ਹਮਲਾ ਕਰਨ ਦਾ ਦੋਸ਼ ਲਾਇਆ ਜਾਣਾ ਚਾਹੀਦਾ ਹੈ ਤੇ ਸਖਤ ਤੋਂ ਸਖਤ ਸਜ਼ਾ ਦਿਤੀ ਜਾਣੀ ਚਾਹੀਦੀ ਹੈ।

ਦਿੱਲੀ ਦੇ ਰਾਜਸੀ ਹਲਕਿਆਂ ਵਿਚ ਇਸ ਵਿਅਕਤੀ ਬਾਰੇ ਅੱਗੇ ਵੀ ਦਿਲਚਸਪ ਗੱਲਾਂ ਚਲਦੀਆਂ ਸੁਣੀਆਂ ਗਈਆਂ ਦੱਸੀਆਂ ਜਾਂਦੀਆਂ ਹਨ। ਕਿਸੇ ਵੀ ਪਬਲਿਕ ਨੇਤਾ ਦਾ ਅਜਿਹਾ ਕਿਰਦਾਰ ਸਮੁੱਚੇ ਰਾਜਸੀ ਭ੍ਰਿਸ਼ਟਾਚਾਰ ਨੂੰ ਹੀ ਨੰਗਾ ਕਰਦਾ ਹੈ। ਇਹ ਨੇਤਾ ਲੋਕ ਜੋ ਆਪ ਅਜਿਹੇ ਕਿਰਦਾਰ ਰਖਦੇ ਹਨ ਤਾਂ ਇਨ੍ਹਾਂ ਦੇ ਰਾਜਸੀ ਫੈਸਲਿਆਂ ਬਾਰੇ ਵੀ ਲੋਕਾਂ ਦਾ ਕਿੰਤੂ ਕਰਨਾ ਹੱਕ ਬਣਦਾ ਹੈ। ਅਜਿਹੀ ਭ੍ਰਿਸ਼ਟਾਚਾਰ ਨਾਲ ਭਰਪੂਰ ਰਾਜਨੀਤੀ ਕਾਰਨ ਹੀ ਦੇਸ਼ ਦੀ ਹਾਲਤ ਡਾਂਵਾਡੋਲ ਹੈ। ਧੱਕੇ ਨਾਲ ਕੰਮ ਕਰਵਾਉਣਾ ਇਹ ਰਾਜਸੀ ਲੋਕ ਆਪਣਾ ਹੱਕ ਸਮਝਦੇ ਹਨ। ਦਿੱਲੀ ਦੇ ਆਮ ਅਪਰੇਟਰ ਨੂੰ ਜਿਸ ਢੰਗ ਨਾਲ ਸੇਠੀ ਨੇ ਜ਼ਲੀਲ ਕਰਨ ਦੀ ਜੋ ਕੋਸ਼ਿਸ਼ ਕੀਤੀ ਹੈ — ਇਸ ਬਾਰੇ ਉਸ ਪਾਰਟੀ ਦੇ ਨੇਤਾ ਦਾ ਵੀ ਫਰਜ਼ ਹੈ ਕਿ ਉਸ ਨੂੰ ਪਾਰਲੀਮੈਂਟ ਦੀ ਮੈਂਬਰੀ ਤੋਂ ਬਰਤਰਫ ਕੀਤਾ ਜਾਵੇ। ਇਸ ਤੋਂ ਪਹਿਲਾਂ ਲੁਧਿਆਣੇ ਤੋਂ ਜਿੱਤਿਆ ਇਕ ਪਾਰਲੀਮੈਂਟ ਮੈਂਬਰ ਵੀ ਅਜਿਹੀਆਂ ਕਰਤੂਤਾਂ ਵਿਚ ਸ਼ਾਮਲ ਰਿਹਾ ਹੈ। ਪਰ ਪੰਜਾਬ ਦੀ ਹੀ ਇਕ ਰਾਜਸੀ ਪਾਰਟੀ ਨੇ ਉਸਨੂੰ ਮੁੜ ਟਿਕਟ ਦੇ ਕੇ ਜਿਤਾਇਆ। ਇਹ ਰਾਜਨੀਤਕ ਭ੍ਰਿਸ਼ਟਾਚਾਰ ਦੇਸ਼ ਵਿਚ ਲੋਕਾਂ ਦਾ ਵਿਸ਼ਵਾਸ਼ ਖਤਮ ਰਿਹਾ ਹੈ।

ਅਮਰੀਕਾ ਪਾਕਿਸਤਾਨ ਦੀ ਥਾਂ ਲੋਕਰਾਜੀ ਭਾਰਤ ਦਾ ਸਾਥ ਦੇਵੇ — ਸ੍ਰੀ ਸੋਲਰਜ਼

ਨਿਊਯਾਰਕ — ਅਮਰੀਕਾ ਵਿਚ ਰਹਿੰਦੇ ਭਾਰਤੀਆਂ ਨੇ ਭਾਰਤ ਦਾ ਆਜ਼ਾਦੀ ਦਿਵਸ ਬੜੀ ਧੂਮ ਧਾਮ ਨਾਲ ਮਨਾਇਆ। ਇਸ ਅਵਸਰ ਤੇ ਬੋਲਦਿਆਂ ਅਮਰੀਕੀ ਨੇਤਾ ਸ੍ਰੀ ਸਟੀਫਨ ਸੋਲਰਜ਼ ਨੇ ਕਿਹਾ ਕਿ ਅਮਰੀਕਾ ਨੂੰ ਭਾਰਤ ਦੇ ਗੁਆਂਢੀ ਇਕ ਤਾਨਾਸ਼ਾਹੀ ਦੇਸ਼ ਦੀ ਥਾਂ ਤੇ ਜਮਹੂਰੀ ਭਾਰਤ ਦੀ ਸਹਾਇਤਾ ਕਰਨੀ ਚਾਹੀਦੀ ਹੈ। ਸ੍ਰੀ ਸਟੀਫਨ ਦਾ ਸਪੱਸ਼ਟ ਤੌਰ ਤੇ ਇਸ਼ਾਰਾ ਰੀਗਨ ਸਰਕਾਰ ਦੀ ਜਨਰਲ ਜ਼ਿਆ ਉਲ ਹੱਕ ਦੀ ਪਿਠ ਪੂਰਨ ਵਲ ਸੀ। ਇਸ ਮੌਕੇ ਤੇ ਮੇਅਰ ਐਡ ਕੋਚ ਨੇ ਗਾਂਧੀ ਟੋਪੀ ਪਾ ਕੇ ਪ੍ਰੇਡ ਵਿਚ ਹਿਸਾ ਲਿਆ। ਇਸ ਸਮਾਗਮ ਵਿਚ ਸ਼ਾਮਲ ਹੋਣ ਲਈ ਭਾਰਤੀ ਫਿਲਮੀ ਸਨਅਤ ਦੇ ਉਘੇ ਐਕਟਰ, ਨਿਰਦੇਸ਼ਕ ਅਤੇ ਨਿਰਮਾਤਾ ਸ੍ਰੀ ਦੇਵ ਆਨੰਦ ਵਿਸ਼ੇਸ਼ ਤੌਰ ਤੇ ਬੰਬਈ ਤੋਂ ਹਵਾਈ ਜਹਾਜ਼ ਰਾਹੀਂ ਗਏ। ਮੇਅਰ ਕੋਚ ਨੇ ਭਾਰਤ ਅਤੇ ਦੁਨੀਆਂ ਭਰ ਵਿਚ ਵੱਧ ਰਹੇ ਅਤਿਵਾਦ ਦੀ ਨਿਖੇਧੀ ਕੀਤੀ। ਇਸ ਸਮਾਗਮ ਵਿਚ ਭਾਰਤੀ ਦੂਤਾਵਾਸ ਦੇ ਕਰਮਚਾਰੀਆਂ ਨੇ ਹਿਸਾ ਲਿਆ।

ਮਾਹ ਬਸਾਖੇ ਆਈਆਂ, ਕੱਟ ਹਾੜੀਆਂ ਜਾਗ।
ਮਸਾਂ ਲਗਾਏ ਮੇਹਨਤਾਂ, ਖੇਤ ਤੇਰੇ ਦੇ ਭਾਗ।
ਵਾ ਵਰੋਲੇ ਉੱਡਦੇ, ਲੁੱਟ ਦਾ ਗਾਉਂਦੇ ਰਾਗ।
ਡੰਗ ਜਾਣ ਕਿਉਂ ਮਿਹਨਤਾਂ, ਮੰਡੀ ਵਸਦੇ ਨਾਗ?

(ਪੰਨਾ 4 ਦੀ ਬਾਕੀ)

ਹਿੰਦੂ ਵੋਟ ਪ੍ਰਾਪਤ ਕਰਨ ਲਈ ਉਸ ਦੇ ਪੁਰਾਣੇ ਰੂਪ ਭਾਰਤੀ ਜਨਸੰਘ ਨੇ 1957-58 ਵਿਚ ਪੰਜਾਬ ਵਿਚ ਹਿੰਦੂ ਵੱਖ-ਵਾਦੀਆਂ ਵੱਲੋਂ ਚਲਾਏ ਜਾ ਰਹੇ ਹਿੰਦੀ ਰੱਖਿਆ ਅੰਦੋਲਨ ਵਿਚ ਵਧ ਚੜ੍ਹ ਕੇ ਹਿੱਸਾ ਲਿਆ ਸੀ। ਪੰਜਾਬ ਵਿਚ ਅਕਾਲੀ ਦਲ 'ਸਿੱਖ ਹਿਤਾਂ' ਦਾ ਦਾਅਵੇਦਾਰ ਰਿਹਾ ਅਤੇ ਜਨਸੰਘ 'ਹਿੰਦੂ ਹਿਤਾਂ' ਦਾ। ਹੁਣ ਜਦ ਹਿੰਦੂ ਫਿਰਕੂਪੁਣੇ ਦੀ ਹਾਂਡੀ ਵਿਚ ਲੰਬੇ ਉਬਾਲ ਦੇ ਬਾਦ ਮੋਟੀ ਮਲਾਈ ਆਈ ਤਾਂ ਇੰਕਾ ਉਸ ਨੂੰ ਚੱਟ ਗਈ। ਭਾਜਪਾ ਨੇ ਦਿੱਲੀ ਦੀਆਂ ਅਗਲੀਆਂ ਚੋਣਾਂ ਜਿਤਣੀਆਂ ਹਨ। ਰਾਜਸਥਾਨ, ਮੱਧ ਪ੍ਰਦੇਸ਼, ਹਿਮਾਚਲ ਪ੍ਰਦੇਸ਼ ਆਦਿ ਖੇਤਰਾਂ ਵਿਚ ਉਸ ਨੇ ਗਵਾਚੀ ਹੋਈ ਜ਼ਮੀਨ ਮੁੜ ਪ੍ਰਾਪਤ ਕਰਨੀ ਹੈ। ਉਤਰ ਪ੍ਰਦੇਸ਼ ਤੇ ਗੁਜਰਾਤ ਵਿਚ ਹਿੰਦੂ-ਮੁਸਲਿਮ ਦੰਗੇ ਉਸ ਨੂੰ ਸਹਾਰਾ ਦੇਣਗੇ। ਪੰਜਾਬ ਵਿਚ ਆਤੰਕਵਾਦੀਆਂ ਦੀਆਂ ਕਾਰਵਾਈਆਂ ਚਾਲੂ ਰਹਿਣਗੀਆਂ ਤਾਂ ਭਾਜਪਾ ਨੂੰ 'ਦਿੱਲੀ ਬੰਦ', 'ਹਰਿਆਣਾ ਬੰਦ' ਅਤੇ 'ਭਾਰਤ ਬੰਦ' ਦੇ ਅਨੇਕਾਂ ਮੌਕੇ ਪ੍ਰਾਪਤ ਹੁੰਦੇ ਰਹਿਣਗੇ।

ਪਿਛਲੇ ਇਕ ਸਾਲ ਵਿਚ ਭਾਜਪਾ ਵਲੋਂ ਦਿੱਲੀ ਦੀਆਂ ਕੰਧਾਂ ਤੇ ਜਿੰਨੇ ਰੰਗ ਬਰੰਗੇ ਪੋਸਟਰ ਚਿਪਕਾਏ ਗਏ ਹਨ, ਰਾਜਨੀਤੀ ਸ਼ਾਸਤਰ ਦੇ ਕਿਸੇ ਵਿਦਿਆਰਥੀ ਨੂੰ ਆਪਣੀ ਪੀ ਐਚ ਡੀ ਦੀ ਡਿਗਰੀ ਲਈ ਉਹਨਾਂ ਦਾ ਅਧਿਐਨ ਕਰਨਾ ਚਾਹੀਦਾ ਹੈ। ਹਰ ਦੂਜੇ ਦਿਨ ਖੂਨੀ ਰੰਗ ਵਿਚ ਛਪਿਆ ਹੋਇਆ ਇਕ ਪੋਸਟਰ ਦਿੱਲੀ ਦੇ ਹਿੰਦੂਆਂ ਨੂੰ ਇਹ ਸੂਚਨਾ ਦਿੰਦਾ ਹੈ ਕਿ 'ਕਸ਼ਮੀਰ ਵਿਚ ਹਿੰਦੂਆਂ ਦਾ ਕਿੰਨੀ ਵਾਰ ਕਤਲੇਆਮ' ਹੋਇਆ ਅਤੇ ਪੰਜਾਬ ਵਿਚ ਹਿੰਦੂਆਂ ਦਾ ਕਿੰਨੀ ਵੱਡੀ ਪੱਧਰ ਤੋਂ ਕਤਲੇਆਮ ਹੋਇਆ ਹੈ। ਭਾਜਪਾ ਆਪਣੇ ਆਪ ਨੂੰ ਦੇਸ਼ ਭਗਤੀ ਦੀ ਆਵਾਜ਼ ਕਹਿੰਦੀ ਹੈ ਅਤੇ ਰਾਸ਼ਟਰਵਾਦੀ ਸੰਸਥਾ ਹੋਣ ਦਾ ਦਾਅਵਾ ਕਰਦੀ ਹੈ ਪਰ ਇਹ ਦੇਸ਼ ਭਗਤ ਅਤੇ ਰਾਸ਼ਟਰਵਾਦੀ ਅੱਖਾਂ ਨਾ ਬਾਰਾਂਬੰਕੀ ਦਾ ਕਤਲੇਆਮ ਦੇਖਦੀਆਂ ਹਨ ਤੇ ਨਾ ਹੀ ਇਲਾਹਾਬਾਦ ਅਤੇ ਅਹਿਮਦਾਬਾਦ ਦੇ ਕਤਲੇਆਮ ਨੂੰ ਦੇਖਦੀਆਂ ਹਨ। ਇਨ੍ਹਾਂ ਅੱਖਾਂ ਨੂੰ ਅਰਵਲ, ਦੌਲਤਪੁਰ, ਅਤੇ ਕੰਸਾਰਾ ਦੇ ਹਰੀਜਨਾਂ ਦੀਆਂ ਬਹਿਸ਼ੀ ਮੌਤਾਂ ਵੀ ਦਿਖਾਈ ਨਹੀਂ ਦਿੰਦੀਆਂ ਕਿਉਂਕਿ ਇਹ ਵਰਗ ਇਸ ਦੇ ਵੋਟ ਬੈਂਕ ਨਹੀਂ ਹਨ।

ਸਾਰੇ ਕਹਿੰਦੇ ਹਨ ਕਿ ਪੰਜਾਬ ਦੇ ਅਤਿਵਾਦੀਆਂ ਪਿਛੇ ਕੁਝ ਵਿਦੇਸ਼ੀ ਤਾਕਤਾਂ ਕੰਮ ਕਰ ਰਹੀਆਂ ਹਨ। ਇਨ੍ਹਾਂ ਤਾਕਤਾਂ ਦਾ ਮਨੋਰਥ ਸਾਫ ਹੈ ਕਿ ਦੇਸ਼ ਵਿਚ ਅਰਾਜਕਤਾ ਪੈਦਾ ਹੋਵੇ।

ਬੇਰੁਜ਼ਗਾਰੀ ਦੂਰ ਕਰਨ ਦੀਆਂ ਸਾਡੀਆਂ ਸਾਰੀਆਂ ਸਕੀਮਾਂ ਧਰੀਆਂ ਦੀਆਂ ਧਰੀਆਂ ਰਹਿ ਜਾਣ ਅਤੇ ਅਸੀਂ ਪੁਲਸ, ਅਰਧ ਸੈਨਿਕ ਦਲ ਅਤੇ ਸੈਨਿਕ ਦਸਤੇ ਲੈ ਕੇ ਕਦੇ ਸ੍ਰੀਨਗਰ ਕਦੇ ਅੰਮ੍ਰਿਤਸਰ, ਕਦੇ ਇਲਾਹਾਬਾਦ, ਕਦੇ ਅਹਿਮਦਾਬਾਦ ਤੇ ਕਦੇ ਕਰੀਮਗੰਜ ਗੱਲ ਦੌੜਦੇ ਰਹੀਏ। ਇਸ ਸਾਜ਼ਿਸ਼ ਨੂੰ ਸਫਲ ਕਰਨ ਲਈ ਉਹ ਤਾਕਤਾਂ ਪੂਰੀ ਤਰ੍ਹਾਂ ਕਾਮਯਾਬ ਹੋ ਗਈਆਂ ਹਨ। ਉਹਨਾਂ ਦੀ ਸੋਚੀ ਸਮਝੀ ਯੋਜਨਾ ਤਹਿਤ ਦਿੱਲੀ ਵਿਚ ਦੰਗੇ ਭੜਕੇ ਹਨ ਅਤੇ ਅੱਗੋਂ ਦੇਸ਼ ਦੇ ਹੋਰ ਹਿਸਿਆਂ ਵਿਚ ਹੋਰ ਭਿਆਨਕ ਰੂਪ ਵਿਚ ਭੜਕਣਗੇ। ਉਹ ਆਪਣੀਆਂ ਸ਼ਤਰੰਜੀ ਚਾਲਾਂ ਚੱਲਣਗੇ। ਅਸੀਂ ਸਾਰੇ ਹਾਰ ਖਾਂਦੇ ਰਹਾਂਗੇ ਪਰ ਇਸ ਹਾਰ ਵਿਚ ਕਦੇ ਇੰਕਾ, ਕਦੀ ਭਾਜਪਾ, ਕਦੇ ਨਾਰਾਜ਼ ਅਕਾਲੀ ਆਪਣੀ ਥੋੜ ਸਮੇਂ ਦੀ ਸਫਲਤਾ ਦਾ ਰਸਤਾ ਲੱਭਦੇ ਫਿਰਨਗੇ।

ਵਿਰੋਧੀ ਦਲ ਗੋਰਖਾ ਅੰਦੋਲਨ ਦੇ ਵਿਰੁਧ

ਕਲਕੱਤਾ — ਕੌਮੀ ਪੱਧਰ ਦੀਆਂ ਸਾਰੀਆਂ ਪਾਰਟੀਆਂ ਦੇ ਨੁਮਾਇੰਦਿਆਂ ਦੀ ਇਥੇ ਹੋਈ ਇਕ ਮੀਟਿੰਗ ਦੌਰਾਨ ਗੋਰਖਾ ਲੈਂਡ ਅੰਦੋਲਨ ਦੇ ਸਾਰੇ ਪਹਿਲੂਆਂ ਉਪਰ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਇਸ ਨੂੰ ਕੌਮ ਵਿਰੋਧੀ ਅੰਦੋਲਨ ਦਸਦੇ ਹੋਏ ਇਸਦੀ ਸਰਬਸੰਮਤੀ ਨਾਲ ਨਿਖੇਧੀ ਕੀਤੀ ਗਈ। ਇਸ ਇਕੱਤਰਤਾ ਵਿਚ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੀ ਅਗਵਾਈ ਹੇਠਲੇ ਖੱਬੇ ਫਰੰਟ ਨਾਲ ਸਬੰਧਤ ਸਾਰੀਆਂ ਪਾਰਟੀਆਂ ਦੇ ਨਾਲ ਨਾਲ ਕਾਂਗਰਸ(ਆਈ), ਜਨਤਾ ਪਾਰਟੀ, ਭਾਜਪਾ ਅਤੇ ਸੋਸ਼ਲਿਸਟ ਯੂਨਿਟੀ ਸੈਂਟਰ ਆਫ ਇੰਡੀਆ ਨਾਂ ਦੇ ਸੰਗਠਨਾਂ ਦੇ ਨੁਮਾਇੰਦੇ ਵੀ ਸ਼ਰੀਕ ਹੋਏ।

ਮੀਟਿੰਗ ਤੋਂ ਬਾਅਦ ਪ੍ਰੈਸ ਦੇ ਨਾਂ ਜਾਰੀ ਕੀਤੇ ਗਏ ਸਾਂਝੇ ਬਿਆਨ ਵਿਚ ਦਾਰਜੀਲਿੰਗ ਦੇ ਲੋਕਾਂ ਨੂੰ ਆਪਣੇ ਆਪ ਨੂੰ ਇਸ ਅੰਦੋਲਨ ਨਾਲੋਂ ਅਲੱਗ-ਥਲੱਗ ਰੱਖਣ ਲਈ ਆਖਿਆ ਗਿਆ ਹੈ। ਇਹ ਮੀਟਿੰਗ ਪੱਛਮੀ ਬੰਗਾਲ ਦੇ ਮੁਖ ਮੰਤਰੀ ਜੋਤੀ ਬਾਸੂ ਵਲੋਂ ਗੋਰਖਾ ਲੈਂਡ ਅੰਦੋਲਨ ਤੋਂ ਪੈਦਾ ਹੋਈ ਸਥਿਤੀ ਦਾ ਜਾਇਜ਼ਾ ਲੈਣ ਲਈ ਬੁਲਾਈ ਗਈ ਸੀ। ਇਸੇ ਦੌਰਾਨ ਜੋਤੀ ਬਾਸੂ ਨੇ ਗੋਰਖਾ ਨੈਸ਼ਨਲ ਲਿਬਰੇਸ਼ਨ ਫਰੰਟ ਦੇ ਵਾਲੰਟੀਅਰਾਂ ਨੂੰ ਦੇਸ਼ ਦੇ ਵੱਡੇ ਹਿਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਵੱਖਵਾਦੀ ਅੰਦੋਲਨ ਨੂੰ ਵਾਪਸ ਲੈ ਲੈਣ ਦਾ ਸੱਦਾ ਦਿਤਾ ਹੈ।

ਕਾਂਗਰਸ(ਆਈ) ਪੱਛਮੀ ਬੰਗਾਲ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੁਖੀ ਸ੍ਰੀ ਪੀ. ਆਰ. ਦਾਸ ਮੁਣਸ਼ੀ ਨੇ ਰਾਜ ਦੇ ਹਰੇਕ ਜ਼ਿੰਮੇਵਾਰ ਨਾਗਰਿਕ ਨੂੰ ਗੋਰਖਾ ਅੰਦੋਲਨ ਦੇ ਕੌਮ ਵਿਰੋਧੀ ਕਿਰਦਾਰ ਨੂੰ ਬੇਪਰਦਾ ਕਰਨ ਲਈ ਅੱਗੇ ਆਉਣ ਦਾ ਸੱਦਾ ਦਿਤਾ ਹੈ। ਮੀਟਿੰਗ ਵਿਚ ਵਿਚਾਰ ਪੇਸ਼ ਕਰਦਿਆਂ ਉਨ੍ਹਾਂ ਨੇ ਜ਼ੋਰ ਦਿਤਾ ਕਿ ਇਸ ਗੱਲ ਨੂੰ ਤਾਂ ਸਭ ਪਾਰਟੀਆਂ ਵਲੋਂ ਹੀ ਅਸੂਲੀ ਤੌਰ 'ਤੇ ਪ੍ਰਵਾਨ ਕਰ ਲਿਆ ਜਾਣਾ ਚਾਹੀਦਾ ਹੈ ਕਿ ਅਜਿਹਾ ਕੋਈ ਵੀ ਪੈਂਤੜਾ ਅਖਤਿਆਰ ਕਰਨ ਤੋਂ ਗੁਰੇਜ਼ ਕੀਤਾ ਜਾਵੇ ਜਿਸ ਨਾਲ ਕਿ ਪੁਲੀਸ ਅਤੇ ਹਥਿਆਰਬੰਦ ਫੌਜਾਂ ਦੇ ਮਨੋਬਲ ਨੂੰ ਠੇਸ ਪਹੁੰਚਦੀ ਹੋਵੇ।

ਸ੍ਰੀ ਦਾਸ ਮੁਨਸ਼ੀ ਨੇ ਮੁਖ ਮੰਤਰੀ ਸ੍ਰੀ ਜੋਤੀ ਬਾਸੂ ਨੂੰ ਇਹ ਪਤਾ ਲਗਾਉਣ ਲਈ ਵੀ ਆਖਿਆ ਕਿ ਕਿਧਰੇ ਭਾਰਤ - ਨਿਪਾਲ ਸਰਹੱਦ ਰਾਹੀਂ ਕੋਈ ਵਿਦੇਸ਼ੀ ਅਨਸਰ ਤਾਂ ਨਹੀਂ ਦਾਰਜੀਲਿੰਗ ਅੰਦਰ ਦਾਖਲ ਹੋ ਕੇ ਗੜਬੜ ਮਚਾਉਣ ਦੀ ਕੋਸ਼ਿਸ਼ ਕਰ ਰਹੇ। ਕਾਂਗਰਸ (ਆਈ) ਦੇ ਹੀ ਇਕ ਹੋਰ ਅਹਿਮ ਆਗੂ ਸ੍ਰੀ ਸੁਬਰਤਾ ਮੁਖਰਜੀ ਨੇ ਇਸ ਦੇਸ਼ ਵਿਰੋਧੀ ਅੰਦੋਲਨ ਨੂੰ ਸਖਤ ਹੱਥਾਂ ਨਾਲ ਕੁਚਲ ਦੇਣ ਦੀ ਵਕਾਲਤ ਕੀਤੀ।

ਬਾਂਝ ਜਿੰਦ ਹਰਿਆਵਲੀ, ਉੱਗੀ ਪੁੰਗਰੀ ਪ੍ਰੀਤ।
ਰੰਗ ਜਿੰਦ ਦਾ ਲੈਰੀਆ, ਡੋਬ ਰੰਗਾਂ ਵਿਚ ਮੀਤ।

ਸਰੀ ਨਿਵਾਸੀ ਕਾ: ਬਾਸੀ ਨੂੰ ਸਦਮਾ

ਇਹ ਖਬਰ ਬੜੇ ਅਫਸੋਸ ਨਾਲ ਦਿਤੀ ਜਾਂਦੀ ਹੈ ਕਿ ਸਨਿਚਰਵਾਰ 23 ਅਗਸਤ ਨੂੰ ਕਾ: ਪਿਆਰਾ ਸਿੰਘ ਬਾਸੀ ਹੋਰਾਂ ਦੀ ਬਿਰਧ ਮਾਤਾ ਤੇਜ ਕੌਰ ਬਾਸੀ ਹੋਰਾਂ ਦਾ ਦੇਹਾਂਤ ਹੋ ਗਿਆ। ਮਾਤਾ ਜੀ ਕਾਫੀ ਸਮੇਂ ਤੋਂ ਬੀਮਾਰ ਸਨ ਸਾਰੇ ਦੋਸਤਾਂ ਅਤੇ ਸਬੰਧੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਮਾਤਾ ਜੀ ਦੀ ਦੇਹ ਨੂੰ ਅੰਤਮ ਸ਼ਰਧਾਂਜਲੀ ਤੇ ਸਸਕਾਰ ਦੀ ਰਸਮ ਹੇਠ ਲਿਖੇ ਥਾਵਾਂ ਤੇ ਹੋਵੇਗੀ।

'ਕੈਨੇਡਾ ਦਰਪਣ' ਪਰਿਵਾਰ ਬਾਸੀ ਹੋਰਾਂ ਦੇ ਇਸ ਦੁਖ ਦੀ ਘੜੀ ਵਿਚ ਸ਼ਾਮਿਲ ਹੁੰਦਾ ਹੋਇਆ ਮਾਤਾ ਜੀ ਨੂੰ ਸ਼ਰਧਾਂਜਲੀ ਭੇਟ ਕਰਦਾ ਹੈ।

ਅੰਤਮ ਅਰਦਾਸ 6 ਸਤੰਬਰ 10 ਵਜੇ ਸਵੇਰੇ — Avallon Surrey Funeral Home - 13288 - 108 ਤੇ ਹੋਵੇਗੀ

ਦਾਹ ਸਸਕਾਰ - 11 ਵਜੇ —

Hamiltion Mortuary ਹੈਮਿਲਟਨ ਮਰਚੂਅਰੀ ਜੋ ਕਿ ਫਰੇਜ਼ਰ ਅਤੇ 41 ਐਵੇਨੀਊ 'ਤੇ ਅਤੇ ਵੈਨਕੂਵਰ ਵਿਚ ਹੈ।

ਮਾਪਿਆਂ ਹੱਥੋਂ ਧੀ ਤੇ ਉਸਦਾ ਪ੍ਰੇਮੀ ਕਤਲ

ਗੁਰਦਾਸਪੁਰ — ਇਥੋਂ ਨਜ਼ਦੀਕ ਰੋਡੇਵਾਲੀ ਪਿੰਡ ਵਿਖੇ ਇਕ ਨਵ-ਵਿਅਹੁਤਾ ਔਰਤ ਦੀ ਮਾਪਿਆਂ ਨੇ ਕਥਿਤ ਤੌਰ 'ਤੇ ਆਪਣੀ ਧੀ ਅਤੇ ਉਸ ਦੇ ਪ੍ਰੇਮੀ ਨੂੰ ਗੋਲੀ ਮਾਰ ਕੇ ਹਲਾਕ ਕਰ ਦਿਤਾ। ਜ਼ਿਲਾ ਪੁਲੀਸ ਮੁਖੀ ਜੇ. ਪੀ. ਵਿਰਦੀ ਅਨੁਸਾਰ ਮ੍ਰਿਤਕਾਂ ਦੇ ਨਾਂ ਸ੍ਰੀਮਤੀ ਸ਼ਾਂਤੀ ਅਤੇ ਸ੍ਰੀ ਬਲਦੇਵ ਸਿੰਘ ਹਨ। ਸ੍ਰੀ ਵਿਰਦੀ ਨੇ ਦੱਸਿਆ ਕਿ ਸਾਂਤੀ ਦਾ ਦੋ ਮਹੀਨੇ ਪਹਿਲਾਂ ਉਸ ਦੀ ਮਰਜ਼ੀ ਦੇ ਵਿਰੁਧ ਵਿਆਹ ਹੋਇਆ। ਉਹ ਕੁਝ ਦਿਨ ਪਹਿਲਾਂ ਆਪਣੇ ਪੇਕੇ ਘਰ ਆਈ ਸੀ। ਉਹ ਇਕ ਸ਼ਾਮ ਨੂੰ ਆਪਣੀ ਭਰਜਾਈ ਨਾਲ ਸੈਰ ਕਰਨ ਜਾ ਰਹੀ ਸੀ ਕਿ ਰਾਹ ਵਿਚ ਉਸ ਨੂੰ ਬਲਦੇਵ ਸਿੰਘ ਮਿਲ ਗਿਆ। ਬਲਦੇਵ ਨੇ ਸ਼ਾਂਤੀ ਦੀ ਭਰਜਾਈ ਨੂੰ ਡਰਾਉਣ ਲਈ ਗੋਲੀ ਚਲਾ ਦਿਤੀ ਕਿਉਂਕਿ ਉਸ ਨੇ ਸਾਰੀ ਗੱਲ ਘਰ ਦੱਸ ਦਿਤੀ ਸੀ। ਇਸ 'ਤੇ ਕੁੜੀ ਦੇ ਘਰ ਦੇ ਆ ਗਏ ਅਤੇ ਉਨ੍ਹਾਂ ਨੇ ਗੋਲੀ ਚਲਾ ਕੇ ਆਪਣੀ ਧੀ ਤੇ ਉਸਦੇ ਪ੍ਰੇਮੀ ਨੂੰ ਗੋਲੀ ਮਾਰ ਕੇ ਮਾਰ ਦਿਤਾ। ਪੁਲੀਸ ਨੇ ਕੇਸ ਦਰਜ ਕਰ ਲਿਆ।

ਸੰਤ ਲੌਂਗੋਵਾਲ ਦੇ ਮਾਰਗ ਉਤੇ ਚਲਣ ਦਾ ਪ੍ਰਣ

ਸੰਗਰੂਰ — ਸੰਗਰੂਰ ਜ਼ਿਲੇ ਦੇ ਪਿੰਡ ਸ਼ੇਰਪੁਰ ਵਿਚ ਗੁਰਦੁਆਰਾ ਅਕਾਲ ਪ੍ਰਕਾਸ਼ ਵਿਖੇ ਅਖੰਡ ਪਾਠ ਦੇ ਭੋਗ ਦੇ ਮੌਕੇ ਉਤੇ ਦਸ ਹਜ਼ਾਰ ਤੋਂ ਉਪਰ ਲੋਕਾਂ ਨੇ ਆਪਣੇ ਮਹਿਬੂਬ ਨੇਤਾ ਨੂੰ ਸ਼ਰਧਾਂਜਲੀ ਭੇਟ ਕੀਤੀ। ਚੇਤੇ ਰਹੇ ਕਿ ਸੰਤ ਲੌਂਗੋਵਾਲ ਨੂੰ ਇਸੇ ਗੁਰਦੁਆਰੇ ਵਿਚ ਪਿਛਲੇ ਸਾਲ 20 ਅਗਸਤ ਨੂੰ ਗੋਲੀਆਂ ਮਾਰਕੇ ਹਲਾਕ ਕਰ ਦਿਤਾ ਗਿਆ ਸੀ। ਇਸ ਮੌਕੇ 'ਤੇ ਇਕੱਠੇ ਹੋਏ ਲੋਕਾਂ ਨੇ ਪ੍ਰਣ ਲਿਆ ਕਿ ਉਹ ਸੰਤ ਲੌਂਗੋਵਾਲ ਵਲੋਂ ਦਿਖਾਏ ਮਾਰਗ ਉਤੇ ਚਲਣਗੇ ਅਤੇ ਹਿੰਦੂ-ਸਿੱਖ ਏਕਤਾ ਲਈ ਕੁਰਬਾਨੀ ਕਰਨ ਤੋਂ ਪਿਛੇ ਨਹੀਂ ਹਟਣਗੇ।

ਇਕੱਤਰਤਾ ਵਿਚ ਇਹ ਪ੍ਰਣ ਵੀ ਲਿਆ ਗਿਆ ਕਿ ਉਹ ਭੰਨਤੋੜ ਤੇ ਫਿਰਕਾਪ੍ਰਸਤ ਤਾਕਤਾਂ ਵਿਰੁਧ ਲੜਾਈ ਜਾਰੀ ਰੱਖਣਗੇ ਕਿਉਂਕਿ ਇਹ ਤਾਕਤਾਂ ਦੇਸ਼ ਦੇ ਟੁਕੜੇ ਟੁਕੜੇ ਕਰਨ ਉਤੇ ਤੁਲੀਆਂ ਹੋਈਆਂ ਹਨ। ਇਕੱਤਰਤਾ ਨੇ ਇਕ ਮਤੇ ਰਾਹੀਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਸਮਝੌਤੇ ਨੂੰ ਛੇਤੀ ਤੋਂ ਛੇਤੀ ਲਾਗੂ ਕਰੇ ਕਿਉਂਕਿ ਰਾਜ ਵਿਚ ਦਹਿਸ਼ਤਪਸੰਦਾਂ ਨਾਲ ਨਜਿੱਠਣ ਦਾ ਇਹੋ ਇਕ ਇਕ ਰਸਤਾ ਹੈ। ਇਕੱਤਰਤਾ ਨੂੰ ਹੋਰਨਾਂ ਤੋਂ ਇਲਾਵਾ ਸਹਿਕਾਰਤਾ ਮੰਤਰੀ ਪ੍ਰੇਮ ਸਿੰਘ ਚੰਦੂਮਾਜਰਾ, ਚੀਫ ਪਾਰਲੀਮਾਨੀ ਸਕੱਤਰ ਗੋਬਿੰਦ ਸਿੰਘ ਕਾਂਝਲਾ, ਖੇਤੀ ਮੰਤਰੀ ਹਰਿਭਜਨ ਸਿੰਘ ਸੰਧੂ, ਖੁਰਾਕ ਤੇ ਸਪਲਾਈ ਮੰਤਰੀ ਬਲਦੇਵ ਸਿੰਘ ਮਾਨ, ਜੇਲ੍ਹ ਮੰਤਰੀ ਨੁਸਰਤ ਅਲੀ ਖਾਨ ਤੇ ਦਲੀਪ ਸਿੰਘ ਪਾਂਧੀ ਨੇ ਸੰਬੋਧਨ ਕੀਤਾ। ਇਹ ਐਲਾਨ ਕੀਤਾ ਗਿਆ ਕਿ ਪੰਜਾਬ ਸਰਕਾਰ ਨੇ ਸ਼ੇਰਪੁਰ ਦੇ ਸੰਗਠਤ ਵਿਕਾਸ ਲਈ ਇਕ ਪ੍ਰਾਜੈਕਟ ਨੂੰ ਅੰਤਮ ਰੂਪ ਦਿਤਾ ਹੈ। ਇਸ ਪ੍ਰਾਜੈਕਟ ਉਤੇ 35 ਲੱਖ ਰੁਪਏ ਖਰਚ ਆਉਣਗੇ। ਬੀਤੇ ਦਿਨੀਂ ਇਲਾਕੇ ਦੀਆਂ 80 ਪੰਚਾਇਤਾਂ ਦੀ ਇਕ ਮੀਟਿੰਗ ਹੋਈ ਸੀ ਜਿਸ ਵਿਚ ਫੈਸਲਾ ਕੀਤਾ ਗਿਆ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਯਾਦ ਵਿਚ ਇਕ ਵੱਡਾ ਹਾਲ ਬਣਾਇਆ ਜਾਏ। ਪਤਾ ਲੱਗਾ ਹੈ ਕਿ ਇਹ ਹਾਲ ਇਥੇ ਗੁਰਦੁਆਰਾ ਅਕਾਲ ਪ੍ਰਕਾਸ਼ ਵਿਚ ਬਣੇਗਾ। ਇਕੱਤਰਤਾ ਵਿਚ ਇਹ ਐਲਾਨ ਵੀ ਕੀਤਾ ਗਿਆ ਕਿ ਪਿੰਡ ਦੇ ਗੌਰਮਿੰਟ ਗਰਲਜ਼ ਹਾਈ ਸਕੂਲ ਦਾ ਨਾਂ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਨਾਂ 'ਤੇ ਰੱਖਿਆ ਜਾਏਗਾ। ਇਸ ਤੋਂ ਇਲਾਵਾ ਕਸਬੇ ਵਿਚ ਇਕ ਨਵਾਂ ਬੱਸ ਅੱਡਾ ਬਣੇਗਾ ਅਤੇ ਸਿਹਤ ਕੇਂਦਰ ਨੂੰ 25 ਬਿਸਤਰਿਆਂ ਦੇ ਹਸਪਤਾਲ ਵਿਚ ਤਬਦੀਲ ਕੀਤਾ ਜਾਵੇਗਾ। ਇਸ ਤੋਂ ਇਲਾਵਾ ਬਲਾਕ ਵਿਕਾਸ ਦਫਤਰ ਅਤੇ ਨਵੀਂ ਮਾਰਕੀਟ ਕਮੇਟੀ ਵੀ ਬਣੇਗੀ ਜਿਸ ਵਿਚ ਸਾਰੀਆਂ ਆਧੁਨਿਕ ਸਹੂਲਤਾਂ ਉਪਲਬਧ ਹੋਣਗੀਆਂ।

ਮਾਸਟਰ ਤਾਰਾ ਸਿੰਘ ਵੱਖਵਾਦੀ ਰੁਚੀਆਂ ਦੇ ਖਿਲਾਫ ਰਹੇ

ਪੰਜਾਬ ਦੇ ਗ੍ਰਹਿ ਰਾਜ ਮੰਤਰੀ ਕੈਪਟਨ ਕੰਵਲਜੀਤ ਸਿੰਘ ਨੇ ਇਥੇ ਕਿਹਾ ਕਿ ਸਵਰਗੀ ਅਕਾਲੀ ਨੇਤਾ ਮਾਸਟਰ ਤਾਰਾ ਸਿੰਘ ਦੀ ਸੂਝ-ਬੂਝ ਇਸ ਸਮੇਂ ਬਹੁਤ ਅਹਿਮੀਅਤ ਰਖਦੀ ਹੈ ਕਿਉਂਕਿ ਉਨ੍ਹਾਂ ਨੂੰ ਆਪਣੇ ਵੇਲੇ ਅਜਿਹੀਆਂ ਹੀ ਸਥਿਤੀਆਂ ਦਾ ਸਾਹਮਣਾ ਕਰਨਾ ਪਿਆ ਸੀ ਜਿਹੋ ਜਿਹੀਆਂ ਦਾ ਇਸ ਸਮੇਂ ਸਾਨੂੰ ਕਰਨਾ ਪੈ ਰਿਹਾ ਹੈ। ਇਥੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ "ਮਾਸਟਰ ਤਾਰਾ ਸਿੰਘ ਤੇ ਸਿੱਖ ਪਹਿਚਾਣ" ਦੇ ਵਿਸ਼ੇ ਉਤੇ ਕਰਵਾਏ ਜਾ ਰਹੇ ਇਕ ਦੋ ਰੋਜ਼ਾ-ਸੈਮੀਨਾਰ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਮਾਸਟਰ ਜੀ ਨੂੰ ਸਖਤ ਫੈਸਲੇ ਲੈਣ ਵਾਲੇ ਨੇਤਾ ਵਜੋਂ ਜਾਣਿਆ ਜਾਂਦਾ ਸੀ ਪਰ ਉਨ੍ਹਾਂ ਦੇ ਫੈਸਲੇ ਉਸ ਹੱਦ ਤੱਕ ਹੀ ਸਖਤ ਹੁੰਦੇ ਸਨ ਜਿਥੋਂ ਅਸ਼ਾਂਤੀ ਤੇ ਰੋਹ ਪੈਦਾ ਹੋਣ ਦਾ ਖਦਸ਼ਾ ਨਹੀਂ ਹੁੰਦਾ ਸੀ।

ਕੈਪਟਨ ਕੰਵਲਜੀਤ ਸਿੰਘ ਨੇ ਆਸ ਪ੍ਰਗਟਾਈ ਕਿ ਇਸ ਸੈਮੀਨਾਰ ਵਿਚ ਭਾਗ ਲੈਣ ਵਾਲੇ ਵਿਦਵਾਨਾਂ ਵਲੋਂ ਕੀਤਾ ਜਾਣ ਵਾਲਾ ਗੰਭੀਰ ਵਿਚਾਰ ਵਟਾਂਦਰਾ "ਸਿਖ ਮਾਨਸਿਕਤਾ ਤੇ ਪੰਜਾਬ ਦੀ ਰਾਜਨੀਤੀ ਨੂੰ ਸਮਝਣ ਵਿਚ ਬਹੁਤ ਸਹਾਈ ਸਿੱਧ ਹੋਵੇਗਾ।"

ਸੰਜੀਵਾ ਰੈਡੀ ਡਾਕਟਰੀ ਮੁਆਇਨੇ ਲਈ ਦਿੱਲੀ 'ਚ

ਨਵੀਂ ਦਿੱਲੀ — ਸਾਬਕਾ ਰਾਸ਼ਟਰਪਤੀ ਸੰਜੀਵਾ ਰੈਡੀ ਆਨੰਤਪੁਰ ਤੋਂ ਇਥੇ ਏਅਰ ਫੋਰਸ ਦੇ ਵਿਸ਼ੇਸ਼ ਹਵਾਈ ਜਹਾਜ਼ ਰਾਹੀਂ ਪਹੁੰਚੇ। ਉਹ ਇਥੇ ਆਲ-ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ 'ਚੋਂ ਆਪਣਾ ਡਾਕਟਰੀ ਮੁਆਇਨਾ ਕਰਾਉਣਗੇ ਤੇ ਇਸ ਮਨੋਰਥ ਲਈ ਰਾਜਧਾਨੀ ਵਿਚ ਕੁਝ ਦਿਨਾਂ ਲਈ ਠਹਿਰਨਗੇ।

ਜ਼ਿਆ ਦੀ ਸਰਕਾਰ ਤਿੜਕ ਰਹੀ ਹੈ — ਬੇਨਜ਼ੀਰ

ਲੰਡਨ — ਪਾਕਿਸਤਾਨ ਪੀਪਲਜ਼ ਪਾਰਟੀ ਦੀ ਨੇਤਾ ਕੁਮਾਰੀ ਬੇਨਜ਼ੀਰ ਭੁੱਟੋ ਦਾ ਕਹਿਣਾ ਹੈ ਕਿ ਪਾਕਿਸਤਾਨ ਵਿਚ ਜਨਰਲ ਜ਼ਿਆ-ਉਲ-ਹੱਕ ਦੀ ਫੌਜੀ ਹਕੂਮਤ ਜਨਤਕ ਵਿਰੁੱਧ ਦੇ ਦਬਾਅ ਹੇਠ 'ਹੁਣ ਤਕ ਤਿੜਕਦੀ ਤੇ ਕਿਰਦੀ' ਜਾ ਰਹੀ ਹੈ। ਕਰਾਚੀ ਵਿਚ ਆਪਣੀ ਗ੍ਰਿਫਤਾਰੀ ਤੋਂ ਪਹਿਲਾਂ ਰਿਕਾਰਡ ਕੀਤੇ ਗਏ ਇਕ ਟੈਲੀਵੀਜ਼ਨ ਇੰਟਰਵੀਊ ਵਿਚ ਬੇਨਜ਼ੀਰ ਨੇ ਦਾਅਵਾ ਕੀਤਾ ਕਿ ਪਾਕਿਸਤਾਨ ਸਰਕਾਰ ਦਿਨੋਂ ਦਿਨ ਕਮਜ਼ੋਰ ਪੈਂਦੀ ਜਾ ਰਹੀ ਹੈ ਅਤੇ ਉਹ ਦਿਨ ਦੂਰ ਨਹੀਂ ਜਦੋਂ ਇਹ ਪੂਰੀ ਤਰ੍ਹਾਂ ਢਹਿ-ਢੇਰੀ ਹੋ ਜਾਵੇਗੀ

ਬੇਨਜ਼ੀਰ ਨੇ ਇਥੋਂ ਦੀ ਇੰਡੀਪੈਂਡੈਂਟ ਟੈਲੀਵੀਜ਼ਨ ਕੰਪਨੀ (ਆਈ. ਟੀ. ਸੀ.) ਦੇ ਇਕ ਨਾਮਾਨਿਗਾਰ ਨੂੰ ਕਰਾਚੀ ਵਿਚਲੇ ਆਪਣੇ ਘਰ ਵਿਚ ਵੀਰਵਾਰ ਸਵੇਰੇ ਦਿਤੇ ਇੰਟਰਵੀਊ ਵਿਚ ਦਾਅਵਾ ਕੀਤਾ ਕਿ ਪਾਕਿਸਤਾਨ ਸਰਕਾਰ ਦੀਆਂ ਜਾਬਰ ਨੀਤੀਆਂ ਉਸ ਦੀ ਕਮਜ਼ੋਰੀ ਦਾ ਪ੍ਰਗਟਾਵਾ ਹਨ। ਦਮਨਕਾਰੀ ਨੀਤੀਆਂ ਰਾਹੀਂ ਉਹ ਇਹ ਇਕਬਾਲ ਕਰ ਰਹੀ ਹੈ ਕਿ ਜਮਹੂਰੀ ਕਦਰਾਂ ਵਿਚ ਉਸ ਦਾ ਕੋਈ ਵਿਸ਼ਵਾਸ਼ ਨਹੀਂ। ਕੁਮਾਰੀ ਭੁੱਟੋ ਨੇ ਕਿਹਾ ਕਿ ਸਰਕਾਰ ਅਮਨ ਕਾਨੂੰਨ ਦੇ ਪ੍ਰਬੰਧ ਦੀ ਦੁਹਾਈ ਦੇ ਕੇ ਵਿਰੋਧੀ ਧਿਰ ਦੇ ਰੋਹ ਨੂੰ ਦਬਾਉਣਾ ਚਾਹੁੰਦੀ ਹੈ ਹਾਲਾਂ ਕਿ ਵਿਰੋਧੀ ਧਿਰ ਨੇ ਸਰਕਾਰ ਨੂੰ ਪਹਿਲਾਂ ਹੀ ਭਰੋਸਾ ਦਿਤਾ ਸੀ ਕਿ 14 ਅਗਸਤ ਨੂੰ ਉਸ ਦੇ ਰੋਸ ਵਿਖਾਵੇ ਸ਼ਾਂਤਮਈ ਹੋਣਗੇ। ਉਸ ਨੇ ਦੋਸ਼ ਲਾਇਆ ਕਿ ਸਰਕਾਰ ਨੇ 13 ਅਗਸਤ ਨੂੰ ਵਿਰੋਧੀ ਆਗੂਆਂ ਦੀਆਂ ਗ੍ਰਿਫਤਾਰੀਆਂ ਰਾਹੀਂ ਜਨਤਕ ਰੋਹ ਨੂੰ ਹਿੰਸਕ ਰੂਪ ਦਿਤਾ ਅਤੇ ਦੇਸ਼ ਦੇ ਵੱਖ ਵੱਖ ਸ਼ਹਿਰਾਂ ਵਿਚ ਲਾਕਾਨੂੰਨੀ ਪੈਦਾ ਕੀਤੀ।

ਬਰਤਾਨਵੀ ਅਖਬਾਰ "ਦੀ ਟਾਈਮਜ਼" ਨਾਲ ਇਕ ਵੱਖਰੇ ਇੰਟਰਵੀਊ ਵਿਚ ਬੇਨਜ਼ੀਰ ਭੁੱਟੋ ਨੇ ਕਿਹਾ ਕਿ ਉਹ ਧਰਮ ਨੂੰ ਸਿਆਸੀ ਹਥਿਆਰ ਵਜੋਂ ਵਰਤਣ ਵਿਚ ਯਕੀਨ ਨਹੀਂ ਰਖਦੀ। ਉਹ ਮਹਿਸੂਸ ਕਰਦੀ ਹੈ ਕਿ ਪਿਛਲੇ 9 ਸਾਲਾਂ ਦੌਰਾਨ ਪਾਕਿਸਤਾਨ ਵਿਚ ਸਿਆਸੀ ਜਮਾਤ ਨੇ ਧਰਮ ਦੀ ਲੋੜੋਂ ਵੱਧ ਦੁਰਵਰਤੋਂ ਕੀਤੀ। ਪਾਕਿਸਤਾਨ ਵਿਚ ਸਿਆਸੀ ਪੀਪਲਜ਼ ਪਾਰਟੀ ਦੀਆਂ ਨਜ਼ਰਾਂ ਵਿਚ ਸਾਰੇ ਪਾਕਿਸਤਾਨੀ ਮੁਸਲਮਾਨ ਹਨ ਅਤੇ ਇਸ ਸਬੰਧ ਵਿਚ ਦੇਸ਼ ਵਿਚ ਨਾ ਤਾਂ ਕੋਈ ਝੇੜਾ ਹੈ ਅਤੇ ਨਾ ਹੀ ਝਮੇਲਾ। ਅਜਿਹੀ ਸੂਰਤ ਵਿਚ ਇਸਲਾਮੀ ਸ਼ਰੀਅਤ ਦਾ ਲੋੜੋਂ ਵੱਧ ਪਰਚਾਰ ਜਾਂ ਹਰ ਸਿਆਸੀ ਦਾਅ-ਪੇਚ ਨੂੰ ਸ਼ਰਈ ਰੰਗਤ ਦੇ ਕੇ ਪੇਸ਼ ਕਰਨਾ ਸ਼ਰ੍ਹਾ ਨਾਲ ਧੋਖਾਦੇਹੀ ਹੈ ਜਿਸ ਨੂੰ ਕੁਫਰ ਗਰਦਾਨਿਆ ਜਾਣਾ ਚਾਹੀਦਾ ਹੈ। ਇਸ ਸਵਾਲ ਦੇ ਜਵਾਬ ਵਿਚ ਲੋਕਾਂ ਦੇ ਇਕ ਵਰਗ ਦੇ ਮਨ ਵਿਚ ਇਹ ਖਦਸ਼ਾ ਪਾਇਆ ਜਾਂਦਾ ਹੈ ਕਿ ਪੀਪਲਜ਼ ਪਾਰਟੀ ਸੱਤਾ ਵਿਚ ਆਉਣ ਦੀ ਸੂਰਤ ਵਿਚ ਆਪਣੇ ਸਿਆਸੀ ਵਿਰੋਧੀਆਂ ਵਿਰੁਧ ਦਮਨ-ਚੱਕਰ ਚਲਾਵੇਗੀ ਅਤੇ ਬਦਲੇ ਦੀ ਭਾਵਨਾ ਨਾਲ ਕੰਮ ਕਰੇਗੀ, ਬੇਨਜ਼ੀਰ ਦਾ ਕਹਿਣਾ ਸੀ : "ਸਾਡੇ ਵਲੋਂ ਬਦਲਾ ਲਏ ਜਾਣ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ। ਪਿਛਲੇ 9 ਸਾਲਾਂ ਦੌਰਾਨ ਜੋ ਕੁਝ ਹੋਇਆ ਹੈ, ਸਿਰਫ ਅਸੀਂ ਹੀ ਉਹ ਨੂੰ ਜਾਣਦੇ ਹਾਂ। ਅਸੂਲਾਂ ਦੀ ਖਾਤਰ ਸਾਨੂੰ ਆਪਣੀਆਂ ਜਾਨਾਂ ਦੀ ਬਾਜ਼ੀ ਲਾਉਣੀ ਪਈ। ਜਿਨ੍ਹਾਂ ਜਮਹੂਰੀ ਤੇ ਮਨੁੱਖੀ ਕਦਰਾਂ ਦੀ ਅਸੀਂ ਪੈਰਵੀ ਕਰਦੇ ਆਏ ਹਾਂ, ਸੱਤਾ ਵਿਚ ਆਉਣ ਉਤੇ ਅਸੀਂ ਉਨ੍ਹਾਂ ਨੂੰ ਭੁਲਾ ਕਿਵੇਂ ਸਕਦੇ ਹਾਂ।"

ਵਾਸ਼ਿੰਗਟਨ — ਅਮਰੀਕਾ ਦੇ ਸਰਕਾਰੀ ਹਲਕਿਆਂ ਨੇ ਪਾਕਿਸਤਾਨ ਵਿਚ ਸਰਕਾਰੀ ਦਮਨ-ਚੱਕਰ ਦੀਆਂ ਤਾਜ਼ਾ ਰਿਪੋਰਟਾਂ ਹਾਸਲ ਹੋਣ ਪਿਛੋਂ ਪਾਕਿਸਤਾਨੀ ਹਕੂਮਤ ਵਿਰੁਧ ਆਲੋਚਨਾ ਦੀ ਆਪਣੀ ਸੁਰ ਤਿੱਖੀ ਕਰ ਦਿਤੀ ਹੈ। ਅਮਰੀਕੀ ਵਿਦੇਸ਼ ਵਿਭਾਗ ਦੇ ਤਰਜਮਾਨ ਬਰਨਰਡ ਕਾਬ ਨੇ ਸ਼ੁੱਕਰਵਾਰ ਦੀਆਂ ਘਟਨਾਵਾਂ ਉਤੇ ਟਿੱਪਣੀ ਕਰਦਿਆਂ ਕਿਹਾ : "ਸਾਨੂੰ ਇਨ੍ਹਾਂ ਬਾਰੇ ਸੁਣ ਕੇ ਅਫਸੋਸ ਹੋਇਆ ਹੈ। ਅਸੀਂ ਆਸ ਕਰਦੇ ਹਾਂ ਕਿ ਪਾਕਿਸਤਾਨ ਵਿਚ ਫੌਜੀ ਤੰਤਰ ਤੋਂ ਜਮਹੂਰੀਅਤ ਵੱਲ ਨੂੰ ਫੇਰ-ਬਦਲ ਤੇਜ਼ੀ ਪਕੜੇਗਾ ਅਤੇ ਸਰਕਾਰੀ ਦਮਨ ਨੂੰ ਕੁਝ ਠੱਲ੍ਹ ਪਵੇਗੀ।

ਰਾਜਬੀਰ ਕੌਰ ਔਰਤਾਂ ਦੀ ਹਾਕੀ ਟੀਮ ਦੀ ਅਗਵਾਈ ਕਰੇਗੀ

ਨਵੀਂ ਦਿੱਲੀ — ਇਸ ਵਾਰ ਦੱਖਣੀ ਕੋਰੀਆ ਦੀ ਰਾਜਧਾਨੀ ਸਿਓਲ ਵਿਖੇ ਕਰਵਾਈਆਂ ਜਾ ਰਹੀਆਂ ਏਸ਼ਿਆਈ ਖੇਡਾਂ ਵਿਚ ਹਿਸਾ ਲੈਣ ਵਾਲੀ ਭਾਰਤ ਦੀ ਔਰਤਾਂ ਦੀ ਹਾਕੀ ਟੀਮ ਦੀ ਅਗਵਾਈ ਪੰਜਾਬ ਦੀ ਰਾਜਬੀਰ ਕੌਰ ਕਰੇਗੀ। ਇਸ ਗੱਲ ਦਾ ਪ੍ਰਗਟਾਵਾ ਆਲ ਇੰਡੀਆ ਵਿਮੈਨ ਹਾਕੀ ਐਸੋ: ਦੀ ਆਨਰੇਰੀ ਸੈਕਟਰੀ ਸ੍ਰੀਮਤੀ ਅੰਮ੍ਰਿਤ ਨੇ ਕੀਤਾ।

ਟੀਮ ਮੈਂਬਰਾਂ ਦੀਆਂ ਪੁਜ਼ੀਸ਼ਨਾਂ ਅਤੇ ਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ: ਗੋਲ ਕੀਪਰ - ਰਜੀਆ ਜ਼ੈਦੀ, ਮੰਜੂ ਬਿਸਟ ਅਤੇ ਯਸ਼ ਮਾਟੀ (ਸਪੇਅਰ), ਰਖਿਅਕ ਪੰਕਤੀ — ਦਇਆਮਤੀ ਸੋਈ, ਪੁਸ਼ਪਾ ਸ੍ਰੀਵਾਸਤਵ, ਕੁਲਦੀਪ ਕੌਰ ਅਤੇ ਸਿਮਰਨਜੀਤ (ਸਪੇਅਰ)।
ਮੱਧ ਪੰਕਤੀ — ਦੋਨੀਤਾ ਡਮੇਲੋ, ਰਾਜਬੀਰ ਕੌਰ, ਓਮਨਾ ਕੁਮਾਰੀ, ਬਿਸਵਾਈ ਪੁਰਤੀ ਅਤੇ ਸੁਬੇਦਾ। ਹਮਲਾਵਰ ਪੰਕਤੀ — ਸਰੋਜ ਬਾਲਾ, ਪ੍ਰੇਮ ਮਾਇਆ, ਮਧੂ ਯਾਦਵ, ਬਿਮਲ ਪਾਰਬਗਾ, ਰੰਜਨਾ ਸ੍ਰੀਵਾਸਤਵਾ, ਅੰਜੇਲਾ ਡੀਸਾ, ਆਲਮਾ ਗੁਰੀਆ, ਹਾਪਿਨ ਸਵਿਤਰੀ ਅਤੇ ਰਾਜਵਿੰਦਰ।

ਹਾੜ੍ਹ ਉਡੀਕੇ ਮੇਘਲਾ, ਕਰਦੀ ਔੜ ਪੁਕਾਰ।
ਅੱਗ ਬਰਸਦੀ ਅੰਬਰੋਂ, ਬੀਜ ਧਰੇ ਅੰਗਿਆਰ।
ਜਲਦਾ ਬੁਝਦਾ ਖੇਤ ਨੀ, ਬੂੰਦ ਬੂੰਦ ਦਰਕਾਰ।
ਜਿੰਦ ਦਾ ਤਪਦਾ ਲੋਹ ਨੀ, ਕਿੱਥੇ ਸੀਤ ਫੁਹਾਰ ?

ਕੇਂਦਰ ਵਲੋਂ ਲਿੰਕ ਨਹਿਰ ਦਾ ਕੰਮ ਸੰਭਾਲਣ ਦਾ ਐਲਾਨ ਨਹੀਂ

ਨਵੀਂ ਦਿੱਲੀ — ਹਰਿਆਣਾ ਸਰਕਾਰ ਇਹ ਉਮੀਦ ਕਰ ਰਹੀ ਸੀ ਕਿ ਸਤਲੁਜ-ਯਮਨਾ ਲਿੰਕ ਨਹਿਰ ਦੀ ਖੁਦਾਈ ਦਾ ਕੰਮ ਕੇਂਦਰ ਆਪਣੇ ਹੱਥ ਵਿਚ ਲੈ ਲਵੇਗਾ। ਪਰ ਕੇਂਦਰ ਵਲੋਂ ਇਸ ਸਬੰਧ ਵਿਚ ਕੋਈ ਨੋਟੀਫਿਕੇਸ਼ਨ ਜਾਰੀ ਨਾ ਕੀਤੇ ਜਾਣ ਕਾਰਨ ਹਰਿਆਣਾ ਨੂੰ ਨਿਰਾਸ਼ਾ ਹੋਣੀ ਸੁਭਾਵਿਕ ਹੀ ਹੈ ਕਿਉਂਕਿ ਹਰਿਆਣਾ ਸਰਕਾਰ ਅਤੇ ਮੁਖ ਮੰਤਰੀ ਸ੍ਰੀ ਬੰਸੀ ਲਾਲ ਇਹ ਦਾਅਵੇ ਕਰਦੇ ਰਹੇ ਹਨ ਕਿ ਦੇਂਦਰ ਲਿੰਕ ਨਹਿਰ ਦੀ ਉਸਾਰੀ ਦਾ ਕੰਮ ਆਪਣੇ ਹੱਥ ਵਿਚ ਲੈ ਲਵੇਗਾ। ਰਾਜੀਵ-ਲੌਂਗੋਵਾਲ ਸਮਝੌਤੇ ਹੇਠ ਨਹਿਰ ਦੀ ਉਸਾਰੀ ਦੀ ਕੰਮ ਪੂਰਾ ਹੋ ਜਾਣਾ ਚਾਹੀਦਾ ਸੀ।

ਪਤਾ ਲੱਗਾ ਹੈ ਕਿ ਗ੍ਰਹਿ ਮੰਤਰੀ ਸ੍ਰੀ ਬੂਟਾ ਸਿੰਘ ਨੇ ਨਹਿਰ ਦੇ ਸਬੰਧ ਵਿਚ ਬੀਤੇ ਦਿਨੀਂ ਪੰਜਾਬ ਦੇ ਮੁਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਨਾਲ ਵੀ ਵਿਚਾਰ ਵਟਾਂਦਰਾ ਕੀਤਾ ਸੀ ਪਰ ਸ੍ਰੀ ਬਰਨਾਲਾ ਨੇ ਕਿਹਾ ਸੀ ਕਿ ਸਰਕਾਰ ਇਸ ਸਮੇਂ ਦਹਿਸ਼ਤਪਸੰਦਾਂ ਵਿਰੁਧ ਕਾਰਵਾਈ ਵਿਚ ਰੁੱਝੀ ਹੋਈ ਹੈ ਇਸ ਲਈ ਨਹਿਰ ਦੀ ਉਸਾਰੀ ਕੁਝ ਸਮੇਂ ਲਈ ਅੱਗੇ ਪਾਈ ਜਾ ਸਕਦੀ ਹੈ। ਸ੍ਰੀ ਬਰਨਾਲਾ ਨੇ ਕਿਹਾ ਸੀ ਕਿ ਜੇਕਰ ਕੇਂਦਰ ਚੰਡੀਗੜ੍ਹ ਦੇਣ ਲਈ ਤਿਆਰ ਨਹੀਂ ਤਾਂ ਉਸ ਨੂੰ ਨਹਿਰ ਦੀ ਉਸਾਰੀ ਲਈ ਵੀ ਕੋਈ ਕਾਹਲੀ ਨਹੀਂ ਹੋਣੀ ਚਾਹੀਦੀ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਨਹਿਰ ਲਈ ਜ਼ਮੀਨ ਪ੍ਰਾਪਤ ਕਰਨ ਵਿਚ ਮੁਸ਼ਕਲ ਪੇਸ਼ ਆ ਰਹੀ ਹੈ। ਮੁਖ ਮੰਤਰੀ ਨੇ ਕਿਹਾ ਕਿ ਇਕ ਕਮੇਟੀ ਇਸ ਨਤੀਜੇ ਉਤੇ ਪੁਜੀ ਹੈ ਕਿ ਨਹਿਰ ਦੀ ਸੇਧ ਬਦਲੀ ਜਾਂਦੀ ਸੰਭਵ ਨਹੀਂ ਹੈ। ਸ੍ਰੀ ਬਰਨਾਲਾ ਨੇ ਸਪੱਸ਼ਟ ਤੌਰ ਉਤੇ ਕਿਹਾ ਸੀ ਕਿ ਰਾਜ ਸਰਕਾਰ ਨਹਿਰ ਨੂੰ ਕੇਂਦਰੀ ਹੱਥਾਂ ਵਿਚ ਦੇਣ ਦੇ ਵਿਰੁਧ ਹੈ। ਮੁਖ ਮੰਤਰੀ ਨਹਿਰ ਦੇ ਮੁਕੰਮਲ ਕੀਤੇ ਜਾਣ ਦੀ ਕੋਈ ਪੱਕੀ ਤਰੀਕ ਦਾ ਐਲਾਨ ਕਰਨ ਲਈ ਵੀ ਸਹਿਮਤ ਨਾ ਹੋਏ।

ਅਚਾਨਕ ਸਟੇਨਗੰਨ ਚਲਣ ਨਾਲ ਮੌਤ

ਨਵੀਂ ਦਿੱਲੀ — ਇਥੇ ਇਕ ਰੈਸਟੋਰੈਂਟ ਵਿਚ ਪੁਲੀਸ ਦੇ ਸਿਪਾਹੀ ਕੋਲ ਖਲੋਤੇ ਇਕ ਨੌਜਵਾਨ ਸੰਜੀਵ ਕੋਲੋਂ ਅਚਾਨਕ ਸਟੇਨਗੰਨ ਚਲਣ ਕਾਰਨ ਉਸ ਦੀ ਮੌਤ ਹੋ ਗਈ। ਸਿਪਾਹੀ ਪਿਤੰਬਰ ਇਸ ਨੌਜਵਾਨ ਅਤੇ ਇਕ ਹੋਰ ਦੋਸਤ ਦੇ ਨਾਲ ਪੱਛਮੀ ਦਿੱਲੀ ਵਿਚ ਮੋਤੀ ਨਗਰ ਦੇ ਇਕ ਰੈਸਟੋਰੈਂਟ ਵਿਚ ਖਾਣਾ ਖਾ ਰਹੇ ਸਨ। ਇਨ੍ਹਾਂ ਵਿਚੋਂ ਸੰਜੀਵ ਨੇ ਬੜੀ ਉਤਸੁਕਤਾ ਨਾਲ ਸਿਪਾਹੀ ਦੀ ਸਟੇਨਗੰਨ ਫੜ ਲਈ ਜਿਹੜੀ ਕਿ ਮੇਜ਼ ਉਤੇ ਹੀ ਰੱਖੀ ਹੋਈ ਸੀ। ਇਹ ਅਚਾਨਕ ਚਲ ਜਾਣ ਨਾਲ ਸੰਜੀਵ ਦੀ ਮੌਤ ਹੋ ਗਈ। ਸਿਪਾਹੀ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਦੰਗਾ ਪੀੜਤਾਂ ਲਈ ਇੰਜਨੀਅਰਿੰਗ ਕਾਲਜਾਂ ’ਚ ਸੀਟਾਂ ਦੇਣ ਦੀ ਮੰਗ

ਚੰਡੀਗੜ੍ਹ — ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਲੁਧਿਆਣਾ ਵਿਚ ਅਪਰੇਸ਼ਨ ਬਲਿਊ ਸਟਾਰ, ਧਰਮ ਯੁਧ ਮੋਰਚਾ ਅਤੇ ਨਵੰਬਰ ਦੇ ਦੰਗਾ ਪੀੜਤ ਪਰਿਵਾਰਾਂ ਲਈ ਪੰਜ ਪ੍ਰਤੀਸ਼ਤ ਸੀਟਾਂ ਰਾਖਵੀਆਂ ਰੱਖੀਆਂ ਜਾਣ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਕਾਬਲ ਸਿੰਘ ਦੀ ਅਗਵਾਈ ਹੇਠ ਇਕ ਵਫਦ ਮੁਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਨੂੰ ਮਿਲਿਆ। ਵਫਦ ਨੇ ਇਸ ਗੱਲ ਉਤੇ ਜ਼ੋਰ ਦਿਤਾ ਕਿ ਇਨ੍ਹਾਂ ਪੀੜਤ ਪਰਿਵਾਰਾਂ ਦੇ ਬੱਚਿਆਂ ਨੂੰ ਸਮਾਜ ਦੀ ਮੁਖ ਧਾਰਾ ਵਿਚ ਲਿਆਉਣ ਲਈ ਤਕਨੀਕੀ ਸਿਖਿਆ ਵਿਚ ਰਾਖਵੀਆਂ ਸੀਟਾਂ ਦੀ ਲੋੜ ਹੈ। ਵਫਦ ਨੇ ਮੁਖ ਮੰਤਰੀ ਨੂੰ ਕਿਹਾ ਕਿ ਪਿਛਲੇ ਅਰਸੇ ਵਿਚ ਲਗਾਤਾਰ ਸੰਕਟ ਕਾਰਨ ਇਨ੍ਹਾਂ ਪਰਿਵਾਰਾਂ ਦੇ ਬੱਚੇ ਵਿਦਿਅਕ ਖੇਤਰ ਵੱਲ ਵਧੇਰੇ ਧਿਆਨ ਨਹੀਂ ਦੇ ਸਕੇ। ਇਸ ਲਈ ਓਪਨ ਮੁਕਾਬਲਿਆਂ ਵਿਚ ਉਨ੍ਹਾਂ ਦਾ ਆਉਣਾ ਮੁਸ਼ਕਲ ਹੈ। ਰਾਜ ਸਰਕਾਰ ਪੋਲੀਟੈਕਨਿਕ ਕਾਲਜਾਂ ਵਿਚ ਇਨ੍ਹਾਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ ਪਹਿਲਾਂ ਹੀ ਪੰਜ ਪ੍ਰਤੀਸ਼ਤ ਸੀਟਾਂ ਰਾਖਵੀਆਂ ਕਰ ਚੁਕੀ ਹੈ।

ਗੁਰੂ ਨਾਨਕ ਇੰਜਨੀਅਰਿੰਗ ਕਾਲਜ ਉਤੇ ਦਾਖਲੇ ਲਈ ਦਬਾਅ ਹੋਰ ਵੀ ਵਧ ਜਾਂਦਾ ਹੈ ਕਿਉਂ ਜੋ ਥਾਪਰ ਇੰਜਨੀਅਰਿੰਗ ਕਾਲਜ ਵਿਚ ਕੇਵਲ ਮੈਰਿਟ ਉਤੇ ਦਾਖਲਾ ਹੁੰਦਾ ਹੈ ਅਤੇ ਚੰਡੀਗੜ੍ਹ ਇੰਜਨੀਅਰਿੰਗ ਕਾਲਜ ਵਿਚ ਪਹਿਲ ਹੀ ਚੰਡੀਗੜ੍ਹ ਦੇ ਵਿਦਿਆਰਥੀਆਂ ਨੂੰ ਦਿੱਤੀ ਜਾਂਦੀ ਹੈ। ਗੁਰੂ ਨਾਨਕ ਇੰਜਨੀਅਰਿੰਗ ਕਾਲਜ ਵਿਚ 180 ਸੀਟਾਂ ਹਨ ਜਿਨਾਂ ਵਿਚੋਂ ਛੇ ਸੀਟਾਂ ਦਾ ਦਾਖਲਾ ਰਾਜ ਸਰਕਾਰ ਕਰਦੀ ਹੈ। ਲਗਭਗ ਸਾਢੇ 27 ਪ੍ਰਤੀਸ਼ਤ ਸੀਟਾ ਅਨੁਸੂਚਿਤ ਅਤੇ ਪਛੜੀਆਂ ਸ਼ਰੇਣੀਆਂ ਲਈ ਰਾਖਵੀਆਂ ਹਨ। ਉਸ ਪਿਛੋਂ ਬਚਦੀਆਂ ਸੀਟਾਂ ਸੱਤਰ ਪ੍ਰਤੀਸ਼ਤ ਪੇਂਡੂ ਵਿਦਿਆਰਥੀਆਂ ਲਈ ਰਾਖਵੀਆਂ ਹਨ ਅਤੇ ਤੀਹ ਪ੍ਰਤੀਸ਼ਤ ਸ਼ਹਿਰੀ ਵਿਦਿਆਰਥੀਆਂ ਲਈ ਰਾਖਵੀਆਂ ਹਨ।

ਭਾਦੋਂ ਜਿੰਦੇ ਜੂਝ ਨੀ, ਲਹੂ ਪਸੀਨਾ ਹੋ।
ਸਾੜ ਹੁੰਭ ਨੀ ਪਤਝੜਾਂ, ਗੀਤ ਅੱਗ ਦਾ ਛੋਹ।
ਨਵੀਂ ਰੁੱਤ ਦਾ ਸੋਹਣੀਏ, ਬੀਜ ਨਵਾਂ ਕੋਈ ਬੋ।
ਆਵੇ ਚਾਰ ਚੁਫੇਰਿਓਂ, ਨਵ ਰੁੱਤ ਦੀ ਖ਼ੁਸ਼ਬੋ।

●


ਪੰਜ ਵਿਅਕਤੀਆਂ ਉਤੇ ਮੁਕੱਦਮਾ ਚਲੇਗਾ

ਨਿਊ ਓਰਲੀਨਜ਼ — ਇਕ ਫੈਡਰਲ ਅਪੀਲਜ਼ ਕੋਰਟ ਨੇ ਹੇਠਲੀ ਅਦਾਲਤ ਦਾ ਫੈਸਲਾ ਉਲਟਾਉਂਦਿਆਂ ਆਦੇਸ਼ ਦਿਤਾ ਹੈ ਕਿ ਪੰਜ ਵਿਅਕਤੀਆਂ ਉਤੇ ਹਰਿਆਣਾ ਦੇ ਸਾਬਕਾ ਮੁਖ ਮੰਤਰੀ ਭਜਨ ਲਾਲ ਨੂੰ ਕਤਲ ਕਰਨ ਦੀ ਸਾਜ਼ਿਸ਼ ਘੜਨ ਦੇ ਦੋਸ਼ ਹੇਠ ਮੁਕੱਦਮਾ ਚਲਾਇਆ ਜਾ ਸਕਦਾ ਹੈ ਕਿਉਂਕਿ ਜਿਸ ਵਿਅਕਤੀ ਨੂੰ ਕਤਲ ਕਰਨ ਦੀ ਸਕੀਮ ਸੀ ਉਹ ਅਮਰੀਕਾ ਦਾ ਮਹਿਮਾਨ ਸੀ। ਇਹ ਕੇਸ ਮਈ 1985 ਦਾ ਹੈ ਜਦੋਂ ਭਜਨ ਲਾਲ ਅੱਖਾਂ ਦੇ ਇਲਾਜ ਲਈ ਇਥੇ ਆਇਆ ਸੀ। ਉਕਤ ਫੈਸਲੇ ਦੀ ਰੋਸ਼ਨੀ ਵਿਚ ਸ੍ਰੀ ਗੁਰਪਰਤਾਪ ਸਿੰਘ, ਸੁਖਵਿੰਦਰ ਸਿੰਘ, ਵਰਿੰਦਰ ਸਿੰਘ, ਜਸਬੀਰ ਸਿੰਘ ਸੰਧੂ (ਇਹ ਸਾਰੇ ਨਿਊਯਾਰਕ ਦੇ ਹਨ) ਅਤੇ ਸ੍ਰੀ ਜਤਿੰਦਰ ਸਿੰਘ ਆਹਲੂਵਾਲੀਆ ਨਿਊ ਓਰਲੀਨਜ਼ ਉਤੇ ਫੈਡਰਲ ਕੋਰਟ ਵਿਚ ਮੁਕੱਦਮਾ ਚਲੇਗਾ ਜਿਸ ਦੀ ਤਾਰੀਖ ਦਾ ਐਲਾਨ ਅਜੇ ਕੀਤਾ ਜਾਣਾ ਹੈ। ਅਪੀਲ ਦੌਰਾਨ ਇਹ ਸਾਰੇ ਅਦਾਲਤੀ ਹਿਰਾਸਤ ਵਿਚ ਰਹੇ ਹਨ।

ਇਹ ਫੈਸਲਾ ਸ੍ਰੀ ਵਿਰਕ ਨੂੰ ਛੱਡ ਕੇ ਬਾਕੀਆਂ ਦੇ ਵਕੀਲ ਰਿਚਰਡ ਸਟਰਿਕਸ ਵਲੋਂ ਦਿਤੀ ਇਸ ਦਲੀਲ ਤੋਂ ਕੁਝ ਘੰਟੇ ਬਾਅਦ ਦਿਤਾ ਗਿਆ ਕਿ ਸਰਕਾਰ ਦੀ ਅਪੀਲ ਉਤੇ ਸੁਣਵਾਈ ਦਾ ਕੰਮ ਮੱਠਾ ਹੋਣ ਕਾਰਨ ਇਨ੍ਹਾਂ ਨੂੰ ਰਿਹਾਅ ਕਰ ਦਿੱਤਾ ਜਾਵੇ। ਅਧਿਕਾਰੀਆਂ ਦਾ ਕਹਿਣਾ ਹੈ ਕਿ ਚਾਰਾਂ ਨਿਊਯਾਰਕ ਵਾਸੀਆਂ ਨੂੰ 4 ਮਈ 1985 ਨੂੰ ਨਿਊ ਓਰਲੀਨਜ਼ ਵਿਚ ਭਜਨ ਲਾਲ ਦੇ ਹੋਟਲ ਦੇ ਬਾਹਰੋਂ ਗ੍ਰਿਫਤਾਰ ਕੀਤਾ ਗਿਆ ਸੀ। ਜਦੋਂ ਕਿ ਆਹਲੂਵਾਲੀਆ ਨੂੰ ਕੁਝ ਦਿਨ ਪਿਛੋਂ ਫੜਿਆ। ਅਦਾਲਤ ਵਿਚ ਪੇਸ਼ ਕੀਤੇ ਦਸਤਾਵੇਜ਼ਾਂ ਅਨੁਸਾਰ ਭਜਨ ਲਾਲ ਦੇ ਇਥੇ ਪੁਜਣ ਤੋਂ ਪਹਿਲਾਂ ਭਾਰਤ ਦੂਤਾਵਾਸ ਨੇ ਅਮਰੀਕਾ ਦੇ ਵਿਦੇਸ਼ ਵਿਭਾਗ ਨੂੰ ਸੂਚਨਾ ਦੇ ਦਿੱਤੀ ਸੀ ਕਿ ਸਿੱਖ ਅਤਿਵਾਦੀਆਂ ਉਤੇ ਨਿਗ੍ਹਾ ਰੱਖੀ ਜਾਵੇ।

ਇਸ ਤੋਂ ਪਹਿਲਾਂ ਇਕ ਜ਼ਿਲਾ ਜੱਜ ਪੈਟਰਿਕ ਕਾਰ ਨੇ ਪਿਛਲੇ ਸਾਲ ਸਤੰਬਰ ਵਿਚ ਇਸ ਕੇਸ ਨੂੰ ਰੱਦ ਕਰਦਿਆਂ ਫੈਸਲਾ ਦਿਤਾ ਸੀ ਕਿ ਫੈਡਰਲ ਕੋਰਟ ਨੂੰ ਇਸ ਬਾਰੇ ਸੁਣਵਾਈ ਨਹੀਂ ਕਰਨੀ ਚਾਹੀਦੀ ਕਿਉਂਕਿ ਭਜਨ ਲਾਲ ਨਾ ਤਾਂ ਕੌਮਾਂਤਰੀ ਤੌਰ ’ਤੇ ਸੁਰੱਖਿਅਤ ਐਲਾਨੀ ਹਸਤੀ ਸੀ, ਨਾ ਹੀ ਸਰਕਾਰੀ ਮਹਿਮਾਨ ਤੇ ਨਾ ਹੀ ਵਿਦੇਸ਼ੀ ਅਧਿਕਾਰੀ ਸੀ। ਪਰ ਅਮਰੀਕਾ ਦੀ ਪੰਜਵੀਂ ਸਰਕਟ ਅਦਾਲਤ ਦੇ ਤਿੰਨ ਮੈਂਬਰੀ ਪੈਨਲ ਨੇ ਇਸ ਸਬੰਧੀ ਸੁਣਵਾਈ ਬਾਅਦ ਫੈਸਲਾ ਦਿਤਾ ਕਿ ਪੰਜ ਵਿਅਕਤੀਆਂ ਉਤੇ ਮੁਕੱਦਮਾ ਚਲਾਇਆ ਜਾਵੇ। ਭਾਵੇਂ ਵਿਦੇਸ਼ ਵਿਭਾਗ ਨੇ ਭਜਨ ਲਾਲ ਨੂੰ ਰਸਮੀ ਤੌਰ ਤੇ ਸਰਕਾਰੀ ਮਹਿਮਾਨ ਦਾ ਦਰਜਾ ਨਹੀਂ ਦਿਤਾ ਸੀ ਪਰ ਗੈਰ ਰਸਮੀ ਤੌਰ ਤੇ ਉਸ ਦੇ ਜੋ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ, ਉਸ ਤੋਂ ਉਸਦੇ ਅਹਿਮ ਵਿਅਕਤੀ ਹੋਣ ਦੀ ਪੁਸ਼ਟੀ ਹੁੰਦੀ ਹੈ ਜਿਸ ਨੂੰ ਪੱਖਾਂ ਦੇ ਸੰਭਵ ਹਮਲੇ ਤੋਂ ਬਚਾਉਣਾ ਬਣਦਾ ਸੀ।

ਹੈਰੀ ਰੈਂਕਿਨ ਵੈਨਕੂਵਰ ਦੇ ਮੇਅਰ ਲਈ



'ਸੂਫ਼ੀ' ਅਮਰਜੀਤ

ਨਵੰਬਰ 1986 ਵਿਚ ਵੈਨਕੂਵਰ ਦੀਆਂ ਮਿਊਂਸਪਲ ਚੋਣਾਂ ਵਿਚ ਲੋਕਾਂ ਦੇ ਹਰਮਨ ਪਿਆਰੇ ਆਲਡਰਮੈਨ ਸ੍ਰੀ ਹੈਰੀ ਰੈਂਕਿਨ ਨੂੰ ਕਮੇਟੀ ਆਫ ਪ੍ਰੋਗ੍ਰੈਸਿਵ ਇਲੈਕਟੋਰੇਟਸ (ਕੋਪ) ਵਲੋਂ ਮੇਅਰ ਦੇ ਉਮੀਦਵਾਰ ਦੇ ਤੌਰ ਉਤੇ ਖੜ੍ਹਾ ਕੀਤਾ ਗਿਆ ਹੈ। ਵੈਨਕੂਵਰ ਦੇ ਆਮ ਲੋਕ ਇਹ ਮੰਗ ਪਿਛਲੇ ਕਈ ਸਾਲਾਂ ਤੋਂ ਕਰਦੇ ਆ ਰਹੇ ਸਨ ਜਾਂ ਇਉਂ ਕਹੋ ਕਿ ਵੈਨਕੂਵਰ ਦੇ ਲੋਕਾਂ ਦੀ ਇਹ ਚਿਰਾਂ ਦੀ ਚਾਹ ਸੀ, ਕਿ ਹੈਰੀ ਰੈਂਕਿਨ ਵੈਨਕੂਵਰ ਦੇ ਮੇਅਰ ਬਣਨ। ਪ੍ਰੰਤੂ ਉਹ ਕਦੀ ਇਸ ਅਹੁਦੇ ਲਈ ਖੜੇ ਨਹੀਂ ਹੋਏ ਸਨ, ਫਿਰ ਵੀ ਹਰ ਵਾਰ ਉਹ ਆਲਡਰਮੈਨ ਦੇ ਤੌਰ ਤੇ ਜਿੱਤਣ ਸਮੇਂ ਵੈਨਕੂਵਰ ਦੇ ਜੇਤੂ ਮੇਅਰ ਤੋਂ ਹਜ਼ਾਰਾਂ ਵੋਟਾ ਵੱਧ ਲੈ ਕੇ ਜਾਂਦੇ ਸਨ ਕਾਰਨ ਸਿਰਫ ਇਹ ਸੀ ਕਿ ਹੈਰੀ ਰੈਂਕਿਨ ਲੋਕਾਂ ਦਾ ਆਪਣਾ ਬੰਦਾ ਹੈ। ਉਹ ਆਮ ਲੋਕਾਂ ਦੇ ਦੁੱਖਾਂ ਵਿਚ, ਮੁਸ਼ਕਲਾਂ ਸਮੇਂ ਉਨ੍ਹਾਂ ਨਾਲ ਖਲੋਂਦਾ ਹੈ, ਅਤੇ ਖੁਸ਼ੀਆਂ ਦੇ ਮੌਕੇ ਉਤੇ ਉਹ ਉਨ੍ਹਾਂ ਦੀਆਂ ਖੁਸ਼ੀਆਂ ਵਿਚ ਵੀ ਸ਼ਾਮਲ ਹੁੰਦਾ ਹੈ।

ਹਰ ਚੋਣ ਵਿਚ ਜੇਤੂ ਮੇਅਰ ਨਾਲੋਂ ਵੱਧ ਵੋਟਾਂ ਲਿਜਾ ਕੇ ਵੀ ਇਕ ਕੋਪ ਦਾ ਉਮੀਦਵਾਰ ਮੇਅਰ ਲਈ ਖੜ੍ਹਾ ਹੋਣਾ ਨਹੀਂ ਮੰਨਿਆ ਸੀ, ਕਾਰਨ ਇਹ ਸੀ ਕਿ ਕੋਪ ਦੇ ਦੂਜੇ ਆਲਡਰਮੈਨਾਂ ਦੀ ਕੌਂਸਲ ਵਿਚ ਬਹੁ-ਸੰਮਤੀ ਤੋਂ ਬਿਨਾਂ ਕੱਲਾ ਮੇਅਰ ਕੀ ਕਰ ਸਕਦਾ ਹੈ। ਜਿਵੇਂ ਲੰਘੇ ਦੋ ਸਾਲਾਂ ਵਿਚ ਅਤੇ ਪਹਿਲਾਂ ਕੋਪ ਦੇ ਆਲਡਰਮੈਨਾਂ ਹਰ ਲੋਕ-ਪੱਖੀ ਕੰਮ ਲਈ ਮੇਅਰ ਮਾਈਕ ਹਾਰਕੋਰਟ ਦਾ ਸਾਥ ਦਿਤਾ। ਤਦ ਹੀ ਕਈ ਮਹੱਤਵਪੂਰਨ ਫੈਸਲੇ ਕੀਤੇ ਜਾ ਸਕੇ।

ਜਦੋਂ ਕੋਪ ਦੀ ਭਾਰੂ ਗਿਣਤੀ ਵਾਲੇ ਸਕੂਲ ਬੋਰਡ ਨੇ ਬੀ. ਸੀ. ਦੀ ਲੋਕ ਵਿਰੋਧੀ ਸੋਕਰਡ ਸਰਕਾਰ ਦੇ ਸਕੂਲਾਂ ਦੇ ਫੰਡਾਂ ਨੂੰ ਕੱਟਣ ਦੇ ਵਿਰੁਧ ਦ੍ਰਿੜਤਾ ਨਾਲ ਸਟੈਂਡ ਲਿਆ ਅਤੇ ਸਿਟੇ ਵਜੋਂ ਸੋਕਰਡ ਸਰਕਾਰ ਨੇ ਇਸ ਸਕੂਲ ਬੋਰਡ ਨੂੰ ਡਿਸਮਿਸ ਕਰ ਦਿਤਾ ਤਾਂ ਵੈਨਕੂਵਰ ਦੇ ਲੋਕਾਂ, ਇਸ ਧੱਕੇ ਸ਼ਾਹੀ ਵਿਰੁਧ ਆਵਾਜ਼ ਉਠਾਈ ਅਤੇ ਬੀ. ਸੀ. ਸਰਕਾਰ ਨੂੰ ਮੁੜ ਤੋਂ ਸਕੂਲ ਬੋਰਡ ਦੀਆਂ ਚੋਣਾਂ ਕਰਾਉਣ ਲਈ ਮਜ਼ਬੂਰ ਕਰ ਦਿਤਾ, ਜਿਨ੍ਹਾਂ ਚੋਣਾਂ ਵਿਚ ਸਕੂਲ ਬੋਰਡ ਦੇ 9 ਦੇ 9 ਮੈਂਬਰ ਹੀ ਕੋਪ ਦੀ ਸਲੇਟ ਦੇ ਜਿੱਤ ਗਏ। ਇਸ ਨਾਲ ਵੈਨਕੂਵਰ ਦੀਆਂ ਐਨ. ਪੀ. ਏ. ਅਤੇ ਹੋਰ ਪਿਛੇ ਖਿਚੂ ਜਥੇਬੰਦੀਆਂ ਦੇ ਪੈਰ ਹੀ ਨਹੀਂ ਉਖੜ ਗਏ ਸਨ, ਸਗੋਂ ਬੀ. ਸੀ. ਦੀ ਸੋਕਰਡ ਸਰਕਾਰ ਨੂੰ ਹੀ ਗਸ਼ੀ ਪੈ ਗਈ ਸੀ, ਕਿ ਕੋਪ ਨੂੰ ਲੋਕਾਂ ਦੀ ਇੰਨੀ ਵਿਆਪਕ ਹਮਾਇਤ ਪ੍ਰਾਪਤ ਹੈ।

ਹੁਣ ਵੈਨਕੂਵਰ ਦੀਆਂ ਚੋਣਾਂ ਵਿਚ ਮੇਅਰ ਲਈ ਦੋ ਪਰਮੁਖ ਉਮੀਦਵਾਰ ਹਨ : ਇਕ ਪਾਸੇ ਕੋਪ, ਆਮ ਮਿਹਨਤੀ ਲੋਕਾਂ, ਘੱਟ ਗਿਣਤੀਆਂ ਅਤੇ ਕਮਿਊਨਿਟੀ ਗਰੁੱਪਾਂ ਦਾ ਉਮੀਦਵਾਰ ਮਿਸਟਰ ਹੈਰੀ ਰੈਂਕਿਨ ਹੈ, ਦੂਜੇ ਪਾਸੇ ਐਨ. ਪੀ. ਏ. ਜਾਂ ਕਹੋ ਸੋਕਰਡ ਸਰਕਾਰ ਦਾ ਉਮੀਦਵਾਰ ਭਾਵ ਪਿਛਲੀਆਂ ਵੈਨਕੂਵਰ ਦੀਆਂ ਮਿਊਂਸਪਲ ਚੋਣਾਂ ਵਿਚ ਹਾਰੇ ਹੋਏ ਅਤੇ ਹੁਣੇ ਦੀ ਬੀ. ਸੀ. ਦੀ ਸੋਕਰਡ ਸਰਕਾਰ ਦੇ ਮੁਖੀ ਵੈਂਡਰਜ਼ਾਮ ਦੀ ਉਮੀਦਵਾਰ, ਜਿਸ ਨੂੰ ਸਮੂੰਹ ਵੱਡੇ ਧਨੀਆਂ ਦੀ ਹਮਾਇਤ ਵੀ ਪ੍ਰਾਪਤ ਹੈ, ਮਿਸਟਰ ਗੌਲਡਨ ਕੈਂਬਲ ਹੈ। ਤੀਜਾ ਇਕ ਹੋਰ ਲੱਖਾਂਪਤੀ ਉਮੀਦਵਾਰ ਵੀ ਸ਼ੌਕ ਪੂਰਾ ਕਰਨ ਲਈ ਮੈਦਾਨ ਵਿਚ ਨਿਤਰ ਆਇਆ ਹੈ। ਪ੍ਰੰਤੂ ਅਸਲ ਟੱਕਰ ਰੈਂਕਿਨ ਅਤੇ ਕੈਂਬਲ ਵਿਚ ਹੀ ਹੈ।

ਸੋ ਇਸ ਚੋਣ ਘੋਲ ਵਿਚ ਸਭੇ ਕਮਿਊਨਿਟੀਆਂ ਅਤੇ ਯੂਨੀਅਨਾਂ ਹੈਰੀ ਰੈਂਕਿਨ ਦੀ ਹਮਾਇਤ ਉਤੇ ਆਪੋ ਆਪੇ ਰਸੂਖ ਦੇ ਹਲਕੇ ਵਿਚ ਕੰਮ ਕਰਨ ਲੱਗ ਗਈਆਂ ਹਨ। ਏਸੇ ਸਬੰਧ ਵਿਚ ਪਹਿਲਾਂ ਕਈ ਛੋਟੇ ਵੱਡੇ ਫੰਕਸ਼ਨ ਵੀ ਹੋ ਚੁਕੇ ਹਨ ਲੰਘੀ 17 ਅਗਸਤ ਨੂੰ ਹੈਰੀ ਦੇ ਘਰ ਦੀ ਯਾਰਡ ਵਿਚ ਗਾਰਡਨ ਪਾਰਟੀ ਹੋਈ ਸੀ, ਜਿਸ ਵਿਚ ਵੱਖੋ ਵੱਖ ਕਮਿਊਨਿਟੀਆਂ ਅਤੇ ਵੈਨਕੂਵਰ ਦੇ 500 ਦੇ ਕਰੀਬ ਲੋਕਾਂ ਨੇ ਭਾਗ ਲਿਆ ਅਤੇ ਦਿਲ ਖੋਲ੍ਹ ਕੇ ਕੋਪ ਦੀ ਇਸ ਬਾਰ ਦੀ ਮੁਹਿੰਮ ਵਿਚ ਫੰਡ ਦਿਤਾ।

ਜਿਵੇਂ ਕਿ ਮਿਸਟਰ ਰੈਂਕਿਨ ਨੇ 13 ਅਪ੍ਰੈਲ 1986 ਨੂੰ ਈਸਟ ਇੰਡੀਅਨ ਵਰਕਰਜ਼ ਐਸੋ: ਵਲੋਂ 'ਜਲ੍ਹਿਆਂਵਾਲਾ ਬਾਗ ਦਿਵਸ' ਦੇ ਸਮਾਗਮ ਸਮੇਂ ਬੋਲਦਿਆਂ ਕਿਹਾ ਸੀ ਕਿ ਸਾਨੂੰ ਕੋਪ ਦੀ ਜਿੱਤ ਲਈ ਤਕੜੇ ਹੋ ਕੇ ਕੰਮ ਕਰਨਾ ਚਾਹੀਦਾ ਹੈ। ਮੇਅਰ ਦੀ ਜਿੱਤ ਦਾ ਤਦ ਹੀ ਠੀਕ ਅਰਥ ਨਿਕਲ ਸਕੇਗਾ, ਜੇਕਰ ਕੋਪ ਦੀ ਬਹੁ ਗਿਣਤੀ ਦੀ ਜਿੱਤ ਹੋਵੇ। ਇਸ ਲਈ ਕੋਪ ਦੇ ਆਲਡਰਮੈਨਾਂ ਦੀ ਜਿੱਤ ਵੀ ਜ਼ਰੂਰੀ ਹੈ। ਇਹੋ ਹੀ ਨਹੀਂ ਸਕੂਲ ਬੋਰਡ ਅਤੇ ਪਾਰਕ ਬੋਰਡ ਵਿਚ ਵੀ ਕੋਪ ਦੇ ਉਮੀਦਵਾਰਾਂ ਦੀ ਜਿੱਤ ਲਈ ਕੰਮ ਕਰਨਾ ਹੈ

ਇਸ ਲਈ ਇਹ ਜ਼ਰੂਰੀ ਹੈ ਕਿ ਕੋਪ ਲਈ ਅਸੀਂ ਆਪਣਾ ਹਿਸਾ ਪਾਈਏ। ਅਸੀਂ ਕੋਪ ਦੇ ਦਫਤਰ ਜਾ ਕੇ ਫੰਡ ਦੇ ਸਕਦੇ ਹਾਂ। ਸਾਨੂੰ ਘਰਾਂ ਵਿਚ ਕੋਪ ਦੇ ਸਾਈਨ ਲਗਵਾਉਣੇ ਚਾਹੀਦੇ ਹਨ। ਸਭ ਤੋਂ ਜ਼ਰੂਰੀ ਇਹ ਕਿ ਆਪਣੀ ਵੋਟ ਦਾ ਪਤਾ ਕਰੋ ਅਤੇ ਆਪਣੇ ਦੋਸਤ ਅਤੇ ਰਿਸ਼ਤੇਦਾਰਾਂ ਦੀਆਂ ਵੋਟਾ ਬਾਰੇ ਪਤਾ ਕਰਕੇ ਉਨ੍ਹਾਂ ਨੂੰ ਹੁਣੇ ਤੋਂ ਹੀ ਯਾਦ ਕਰਾਓ, ਕਿ ਵੋਟ ਵਾਲੇ ਦਿਨ ਵੋਟ ਪਾਉਣੀ ਨਾ ਭੁੱਲਣ।

ਹੈਰੀ ਰੈਂਕਿਨ ਦੀ ਜਿੱਤ ਅਤੇ ਕੋਪ ਦੀ ਕੌਂਸਲ ਵਿਚ ਸਕੂਲ ਬੋਰਡ ਅਤੇ ਪਾਰਕ ਬੋਰਡ ਵਿਚ ਜਿੱਤ ਸਾਡੀ ਆਪਣੀ ਜਿੱਤ ਹੈ, ਜੋ ਸਾਡੇ ਆਪਣੇ ਹਿਤਾਂ ਦੀ ਪੂਰਤੀ ਕਰਨ ਵਾਲੀ ਹੈ।

ਚੋਣਾਂ ਦੇ ਨੇੜੇ ਜਾ ਕੇ ਤੁਹਾਨੂੰ ਕੋਪ ਦਾ ਕੋਈ ਹਮਾਇਤੀ ਫੂਨ ਉਪਰ ਵੀ ਅਤੇ ਚੋਣਾਂ ਦੇ ਦਿਨ ਤੁਹਾਡੇ ਬੂਹੇ ਉਪਰ ਵੀ ਕੋਈ ਕੋਪ ਦਾ ਹਿਮਾਇਤੀ ਵਰਕਰ ਆ ਕੇ ਯਾਦ ਕਰਵਾਏਗਾ ਪ੍ਰੰਤੂ ਤੁਹਾਨੂੰ ਜੇਕਰ ਕੋਈ ਯਾਦ ਕਰਵਾਉਣ ਨਾ ਵੀ ਆਵੇ ਤਾਂ ਤੁਸੀਂ ਯਾਦ ਰੱਖਣਾ ਕਿ ਕੋਪ ਦੇ ਉਮੀਦਵਾਰਾਂ ਨੂੰ ਵੋਟ ਪਾ ਕੇ ਆਪਣੇ ਹਿਤਾਂ ਵਿਚ ਆਪਣੀ ਵੋਟ ਦੀ ਵਰਤੋਂ ਕਰ ਰਹੇ ਹੋਵੋਗੇ

ਕਦ ਬਹੁੜੇਗੀ ਸਰਕਾਰੀ ਮਦਦ?

ਨਵੀਂ ਦਿੱਲੀ — ਨਵੰਬਰ 1984 ਦੇ ਦੰਗਿਆਂ ਦੀਆਂ ਪੀੜਤ ਵਿਧਵਾਵਾਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਨੇ ਉਨ੍ਹਾਂ ਨੂੰ 20-20 ਹਜ਼ਾਰ ਰੁਪਏ ਦੀ ਜਿਹੜੀ ਗਰਾਂਟ ਦੇਣ ਦਾ ਐਲਾਨ ਕੀਤਾ ਸੀ ਉਹ ਹਾਲੇ ਤਕ ਨਹੀਂ ਦਿਤੀ ਗਈ। ਅਜਿਹੀਆਂ 25 ਵਿਧਵਾਵਾਂ ਵਲੋਂ ਸਾਂਝੇ ਤੌਰ ਉਤੇ ਦਿਤੇ ਇਕ ਹਲਫੀਆ ਬਿਆਨ ਵਿਚ ਕਿਹਾ ਗਿਆ ਹੈ ਕਿ ਉਹ ਇਹ ਗਰਾਂਟ ਲੈਣ ਲਈ ਸਥਾਨਕ ਤੀਸ ਹਜ਼ਾਰੀ ਕੋਰਟ ਦੇ ਅਨੇਕਾਂ ਚੱਕਰ ਲਾ ਚੁਕੀਆਂ ਹਨ ਪਰ ਕੋਈ ਸੁਣਵਾਈ ਨਹੀਂ ਹੋਈ। ਇਨ੍ਹਾਂ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਦੇ ਦਫਤਰ ਵਾਲੇ ਉਨ੍ਹਾਂ ਤੋਂ ਪੁਲੀਸ ਰਿਪੋਰਟ ਤੇ ਮੌਤ ਦਾ ਸਰਟੀਫਿਕੇਟ ਮੰਗ ਰਹੇ ਹਨ ਜਦੋਂ ਕਿ ਉਸ ਸਮੇਂ ਉਨ੍ਹਾਂ ਦੇ ਪਤੀਆਂ ਨੂੰ ਜਲਾ ਕੇ ਲਾਸ਼ਾਂ ਖੁਰਦ-ਬੁਰਦ ਕਰ ਦੇਣ ਕਾਰਨ ਮੌਤ ਦਾ ਸਰਟੀਫਿਕੇਟ ਦੇਣ ਲਈ ਪੁਲੀਸ ਵਾਲੇ ਉਨ੍ਹਾਂ ਤੋਂ ਭਾਰੀ ਰਿਸ਼ਵਤ ਮੰਗਦੇ ਹਨ।

ਇਨ੍ਹਾਂ ਵਿਧਵਾਵਾਂ ਨੇ ਮੰਗ ਕੀਤੀ ਹੈ ਕਿ ਜਿਸ ਤਰ੍ਹਾਂ ਪੰਜਾਬ ਸਰਕਾਰ ਹਿੰਸਕ ਵਾਰਦਾਤਾਂ ਵਿਚ ਮਰਨ ਵਾਲੇ ਮੁਲਾਜ਼ਮਾਂ ਦੇ ਪਰਿਵਾਰਾਂ ਨੂੰ ਇਕ ਇਕ ਲੱਖ ਰੁਪਏ ਦੀ ਗਰਾਂਟ ਦੇ ਰਹੀ ਹੈ ਉਸੇ ਤਰ੍ਹਾਂ ਉਹਨਾਂ ਦੇ ਪਰਿਵਾਰਾਂ ਨੂੰ ਵੀ ਇੰਨੀ ਹੀ ਗਰਾਂਟ ਤੇ ਪੰਜ-ਪੰਜ ਸੌ ਰੁਪਏ ਪੈਨਸ਼ਨ ਉਮਰ ਭਰ ਲਈ ਦਿਤੀ ਜਾਵੇ।

ਹਲਫੀਆ ਬਿਆਨ ਦੇਣ ਵਾਲੀਆਂ ਮਹਿੰਦਰ ਕੌਰ ਵਿਧਵਾ ਹਰਮਿੰਦਰ ਸਿੰਘ, ਸੁਰਿੰਦਰ ਕੌਰ ਵਿਧਵਾ ਬੇਅੰਤ ਸਿੰਘ, ਸੁਮਿਤਰਾ ਕੌਰ ਵਿਧਵਾ ਮੁਨਸ਼ੀ ਸਿੰਘ, ਗੁਰਬੀਰ ਕੌਰ ਵਿਧਵਾ ਮਨਮੋਹਨ ਸਿੰਘ, ਜਗਮੋਹਨ ਕੌਰ ਵਿਧਵਾ ਜਾਗੀਰ ਸਿੰਘ, ਸੀਤਲ ਪ੍ਰਕਾਸ਼ ਕੌਰ ਵਿਧਵਾ ਗੁਰਭੇਜ ਸਿੰਘ, ਸਤਨਾਮ ਕੌਰ ਵਿਧਵਾ ਹਰਚਰਨ ਸਿੰਘ, ਪ੍ਰਕਾਸ਼ ਕੌਰ ਵਿਧਵਾ ਅਵਤਾਰ ਸਿੰਘ, ਜੀਤ ਕੌਰ ਵਿਧਵਾ ਰਣਜੀਤ ਸਿੰਘ, ਦਲੀਪ ਕੌਰ ਵਿਧਵਾ ਅਜੀਤ ਸਿੰਘ, ਦੇਵਿੰਦਰ ਕੌਰ ਵਿਧਵਾ ਦਰਸ਼ਨ ਸਿੰਘ, ਕੈਲਾਸ਼ ਕੌਰ ਵਿਧਵਾ ਸੋਹਨ ਸਿੰਘ, ਕੁਲਵੰਤ ਕੌਰ ਵਿਧਵਾ ਅਮਰੀਕ ਸਿੰਘ, ਪ੍ਰੀਤਮ ਕੌਰ ਵਿਧਵਾ ਪੀਪਲ ਸਿੰਘ, ਰਣਜੀਤ ਕੌਰ ਵਿਧਵਾ ਪ੍ਰੀਤਮ ਸਿੰਘ, ਪ੍ਰੇਮ ਕੌਰ ਵਿਧਵਾ ਮਿੰਦਰ ਸਿੰਘ, ਰਾਮਕਲੀ ਕੌਰ ਵਿਧਵਾ ਮਾਲਾ ਸਿੰਘ, ਆਦਿ ਹੋਰ ਵੀ ਬਹੁਤ ਸਾਰੀਆਂ ਔਰਤਾਂ ਨੇ ਹਲਫੀਆ ਬਿਆਨ ਦਿਤੇ।

ਜੇਠ ਨਾ ਜਿੰਦੇ ਡੋਲ ਨੀ, ਕਦੇ ਮਿਲਣਗੇ ਮੀਤ।
ਜੇ ਅੱਜ ਪੌਣਾਂ ਤੱਤੀਆਂ, ਕੱਲ੍ਹ ਵਗਣੀਆਂ ਸੀਤ।
ਜੇ ਅੱਜ ਸਾਡੀ ਜੀਤ ਨਾ, ਕੱਲ੍ਹ ਹੋਵਣੀ ਜੀਤ।
ਜੇ ਮਨ ਅੱਜ ਉਜਾੜ ਨੀ, ਕੱਲ੍ਹ ਮੌਲਣੀ ਪ੍ਰੀਤ।

ਬਾਬਾ ਦਲ ਵਲੋਂ 40 ਰੋਜ਼ਾ ਰੋਸ ਮਾਰਚ

ਪਟਿਆਲਾ — ਸਿੱਖਾਂ ਉਤੇ ਹੋ ਰਹੀਆਂ ਜ਼ਿਆਦਤੀਆਂ ਵਿਰੁੱਧ ਰੋਸ ਪ੍ਰਗਟ ਕਰਨ ਲਈ ਸੰਯੁਕਤ ਅਕਾਲੀ ਦਲ ਦੇ ਕਾਰਜਕਾਰੀ ਕਨਵੀਨਰ ਬਾਬਾ ਜੋਗਿੰਦਰ ਸਿੰਘ ਵਲੋਂ ਇਥੇ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਵਿਚ ਅਰਦਾਸ ਕਰਨ ਪਿਛੋਂ 40 ਰੋਜ਼ਾ ਰੋਸ ਮਾਰਚ ਸ਼ੁਰੂ ਕੀਤਾ ਗਿਆ। ਇਸ ਮਾਰਚ ਸਮੇਂ ਉਨ੍ਹਾਂ ਨੂੰ ਲੋਕਾਂ ਨਾਲ ਸੰਪਰਕ ਕਾਇਮ ਕਰਨ ਦਾ ਮੌਕਾ ਮਿਲੇਗਾ। ਇਸ ਮਾਰਚ ਦੇ ਨਾਲ ਹੀ ਸੰਯੁਕਤ ਅਕਾਲੀ ਦਲ, ਦਮਦਮੀ ਟਕਸਾਲ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ (ਮਨਜੀਤ ਸਿੰਘ) ਦੇ ਅੰਦੋਲਨ ਦਾ ਤੀਜਾ ਪੜਾਅ ਸ਼ੁਰੂ ਹੋ ਗਿਆ ਹੈ। ਬਾਬਾ ਜੋਗਿੰਦਰ ਸਿੰਘ ਨੇ ਕਿਹਾ ਕਿ 39 ਸਾਲ ਪਹਿਲਾਂ ਇਸੇ ਦਿਨ ਦੇਸ਼ ਨੇ ਆਜ਼ਾਦੀ ਹਾਸਲ ਕੀਤੀ ਸੀ ਅਤੇ ਇਸ ਇਤਿਹਾਸਕ ਦਿਵਸ ਦੇ ਮੌਕੇ ਉਤੇ ਹੀ ਅੱਜ ਸਿੱਖ ਨੌਜਵਾਨਾਂ ਦੀ ਰਿਹਾਈ ਤੇ ਬੈਰਕਾਂ ਛੱਡਣ ਵਾਲੇ ਫੌਜੀਆਂ ਦੀ ਬਹਾਲੀ ਦੀਆਂ ਮੰਗਾਂ ਨੂੰ ਲੈ ਕੇ ਪੁਰਅਮਨ ਅੰਦੋਲਨ ਸ਼ੁਰੂ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਆਜ਼ਾਦੀ ਦੀ ਜੰਗ ਦੌਰਾਨ ਸਿੱਖ ਕੌਮ ਨੇ ਭਾਰੀ ਕੁਰਬਾਨੀਆਂ ਕੀਤੀਆਂ ਸਨ ਪਰ ਉਨ੍ਹਾਂ ਨਾਲ ਵਿਤਕਰਾ ਹੋ ਰਿਹਾ ਹੈ ਅਤੇ ਉਨ੍ਹਾਂ ਨਾਲ ਅਜੇ ਵੀ ਗੁਲਾਮਾਂ ਵਾਲਾ ਵਰਤਾਓ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਮੋਰਚਾ ਸ਼ੁਰੂ ਹੋਣ ਤੋਂ ਪਹਿਲਾਂ ਭਾਰੀ ਗਿਣਤੀ ਵਿਚ ਪਾਰਟੀ ਵਰਕਰਾਂ ਦੀਆਂ ਗ੍ਰਿਫਤਾਰੀਆਂ ਕੀਤੀਆਂ ਹਨ। ਉਨ੍ਹਾਂ ਪੁਛਿਆ ਕਿ "ਇਹ ਕਿੱਧਰ ਦਾ ਲੋਕਰਾਜ ਹੈ।"


ਬਾਬਾ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਸੁਰੱਖਿਆ ਪੱਟੀ ਬਣਾਉਣ ਦੇ ਫੈਸਲੇ ਦਾ ਡਟਵਾਂ ਵਿਰੋਧ ਕਰੇਗੀ। ਉਨ੍ਹਾਂ ਕਿਹਾ ਕਿ ਪੱਟੀ ਬਣਾਏ ਜਾਣ ਨਾਲ ਉਸ ਖੇਤਰ ਦੇ ਲੋਕਾਂ ਲਈ ਭਾਰੀ ਮੁਸ਼ਕਲਾਂ ਪੈਦਾ ਹੋ ਜਾਣਗੀਆਂ। ਉਨ੍ਹਾਂ ਨੇ ਸਕੂਲਾਂ-ਕਾਲਜਾਂ ਦੀਆਂ ਫੀਸਾਂ ਵਿਚ ਵਾਧੇ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਮੁਫਤ ਸਿਖਿਆ ਦੇਣ ਦਾ ਪ੍ਰਬੰਧ ਕਰਨ ਦੀ ਥਾਂ ਸਰਕਾਰ ਨੇ ਸਕੂਲੀ ਬੱਚਿਆਂ ਉਤੇ ਹੀ ਸੈਸ ਲਾ ਦਿੱਤਾ ਹੈ। ਬਾਬਾ ਦੀ ਅਗਵਾਈ ਵਿਚ ਅਮਨ ਮਾਰਚ ਵਿਚ ਭਾਗ ਲੈਣ ਵਾਲੇ ਸੱਤ ਕਾਰਾਂ ਅਤੇ ਇਕ ਟਰੱਕ ਵਿਚ ਸਵਾਰ ਹੋ ਕੇ ਰਵਾਨਾ ਹੋਏ। ਕੋਈ ਇਤਨੀਆਂ ਹੀ ਪੁਲੀਸ ਦੀਆਂ ਗੱਡੀਆਂ ਉਨ੍ਹਾਂ ਦੇ ਪਿਛੇ ਚਲ ਰਹੀਆਂ ਸਨ। ਇਸ ਜਥੇ ਵਿਚ ਹੋਰਨਾਂ ਤੋਂ ਇਲਾਵਾ ਬਾਬਾ ਦੇ ਸਪੁੱਤਰ ਕੈਪਟਨ ਹਰਚਰਨ ਸਿੰਘ, ਵਰਕਿੰਗ ਕਮੇਟੀ ਦੇ ਮੈਂਬਰ ਸ੍ਰੀ ਬੀ. ਪੀ. ਐਸ. ਭੁੱਲਰ, ਦਮਦਮੀ ਟਕਸਾਲ ਦੇ ਬਾਬਾ ਅਵਤਾਰ ਸਿੰਘ, ਤਰਨਾ ਦਲ ਦੇ ਬਾਬਾ ਦਇਆ ਸਿੰਘ ਅਤੇ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੀ ਪ੍ਰੀਜੀਡੀਅਮ ਦੇ ਮੈਂਬਰ ਸ੍ਰੀ ਸੁਖਵੰਤ ਸਿੰਘ ਅੱਕਾਂਵਾਲੀ ਵੀ ਸ਼ਾਮਲ ਹਨ।

ਪਾਕਿਸਤਾਨ : ਫੌਜੀ ਡਿਕਟੇਟਰ ਨੂੰ ਲਾਹੁਣ ਲਈ ਬਹੁਤ ਖ਼ੂਨ ਡੁਲ੍ਹੇਗਾ

—ਵਿਸ਼ੇਸ਼ ਰਿਪੋਰਟ—



BENAZIR BHUTTO:



ZIA UL-HAQ:

ਲਾਹੌਰ — ਬੇਨਜ਼ੀਰ ਭੁੱਟੋ ਦੀ ਗ੍ਰਿਫਤਾਰੀ ਇਕ ਅਜਿਹਾ ਕਦਮ ਹੈ ਜੋ ਲੰਮੇਂ ਸਮੇਂ ਲਈ ਪਾਕਿਸਤਾਨ ਨੂੰ ਖ਼ੂਨ ਨਾਲ ਲੱਥ ਪੱਥ ਕਰੇਗਾ। ਰਾਜਸੀ ਸੂਤਰਾਂ ਅਨੁਸਾਰ ਇਹ ਜ਼ਿਆ ਦੀ ਆਪਣੀ ਮੌਤ ਦਾ ਹੀ ਵਾਰੰਟ ਸਮਝਿਆ ਜਾ ਰਿਹਾ ਹੈ। ਬੇਸ਼ਕ ਬੇਨਜ਼ੀਰ ਦੀ ਗ੍ਰਿਫਤਾਰੀ ਨਾਲ ਪੀਪਲਜ਼ ਪਾਰਟੀ ਅਤੇ ਆਜ਼ਾਦੀ ਦੀ ਬਹਾਲੀ ਲਈ ਸੰਘਰਸ਼ ਸੰਮਤੀ ਆਗੂ-ਹੀਣ ਹੋ ਗਈਆਂ ਹਨ ਫਿਰ ਇਹ 11-ਪਾਰਟੀਆਂ ਦਾ ਅੰਦੋਲਨ ਜ਼ਿਆ ਨੂੰ ਸਿਆਸੀ ਤੌਰ ਉਤੇ ਖਤਮ ਕਰ ਗਿਆ ਹੈ।

ਸੰਘਰਸ਼ ਸੰਮਤੀ ਦੇ ਬਹੁਤੇ ਲੀਡਰ ਫੜੇ ਜਾ ਚੁਕੇ ਹਨ ਪਰ ਜੋ ਗ੍ਰਿਫਤਾਰੀਆਂ ਤੋਂ ਬਚੇ ਹਨ ਉਹ ਦੇਸ਼ ਤੋਂ ਬਾਹਰਲੇ ਮੀਡੀਏ ਨਾਲ ਸੰਪਰਕ ਕਾਇਮ ਰੱਖ ਰਹੇ ਹਨ। ਅਜਿਹੇ ਲੀਡਰਾਂ ਨੇ ਟੈਲੀਫੋਨ ਰਾਹੀਂ ਬਦੇਸ਼ੀ ਪੱਤਰਕਾਰਾਂ ਨਾਲ ਸਬੰਧ ਕਾਇਮ ਕਰ ਰੱਖੇ ਹਨ ਜਿਸ ਕਾਰਨ ਪਾਕਿਸਤਾਨ ਵਿਚ ਹੋ ਰਹੇ ਜ਼ੁਲਮ ਦੀਆਂ ਖ਼ਬਰਾਂ ਬਾਹਰਲੇ ਦੇਸ਼ਾਂ ਵਿਚ ਪਹੁੰਚ ਰਹੀਆਂ ਹਨ। ਇਕ ਸੂਤਰ ਅਨੁਸਾਰ ਅਜਿਹੇ ਲੀਡਰ ਟੈਲੀਫੋਨਾਂ ਦੇ ਨੰਬਰ ਬਦਲਦੇ ਰਹਿੰਦੇ ਹਨ।

ਜ਼ਿਆ ਸਰਕਾਰ ਇਹ ਸੋਚਦੀ ਸੀ ਕਿ ਬੇਨਜ਼ੀਰ ਭੁੱਟੋ ਅਤੇ ਵਿਰੋਧੀ ਲੀਡਰਾਂ ਨੂੰ ਜੇਲ੍ਹ ਵਿਚ ਰੱਖਕੇ ਉਹ ਇਸ ਅੰਦੋਲਨ ਨੂੰ ਖਤਮ ਕਰ ਸਕੇਗੀ ਪਰ ਅਜਿਹਾ ਨਜ਼ਰ ਨਹੀਂ ਆ ਰਿਹਾ। ਪਰ ਹੁਣ ਜਦ 100 ਦੇ ਕਰੀਬ ਵਿਅਕਤੀ ਮਾਰੇ ਜਾ ਚੁਕੇ ਹਨ ਤਾਂ ਜ਼ਿਆ ਸਰਕਾਰ ਇਸ ਸਥਿਤੀ ਵਿਚ ਫਸ ਗਈ ਹੈ ਕਿ ਉਸ ਲਈ ਸਖ਼ਤ ਕਦਮ ਚੁਕਣ ਤੋਂ ਬਿਨਾਂ ਚਾਰਾ ਨਹੀਂ। ਸਖ਼ਤ ਕਦਮ ਹੋਰ ਹਿੰਸਾ ਭੜਕਾਉਣਗੇ। ਇਸ ਤਰ੍ਹਾਂ ਜ਼ਿਆ ਸਰਕਾਰ ਉਸ ਚੱਕਰ ਵਿਚ ਫਸ ਗਈ ਜਿਸ 'ਚੋਂ ਨਿਕਲਣਾ ਇਸ ਲਈ ਮੁਸ਼ਕਲ ਹੈ।

ਇਕ ਵਿਰੋਧੀ ਨੇਤਾ ਜੋ ਲਗਾਤਾਰ ਰੂਪੋਸ਼ ਹੈ — ਉਹ ਹੈ ਸਲਮਾਨ ਤਸੀਰ। ਉਸ ਦਾ ਕਹਿਣਾ ਹੈ ਕਿ 'ਅਸੀਂ ਦੁਨੀਆਂ ਦੇ ਲੋਕਾਂ ਦਿਖਾ ਦਿਤਾ ਹੈ ਕਿ ਜ਼ਿਆ ਸਰਕਾਰ ਅਜਿਹੀ ਸਰਕਾਰ ਹੈ ਜੋ ਆਪਣੇ ਲੋਕਾਂ ਤੋਂ ਡਰੀ ਹੋਈ ਹੈ।' ਉਸ ਨੇ ਕਿਹਾ ਹੈ ਕਿ 'ਅਸੀਂ ਦਿਖਾ ਦਿਤਾ ਹੈ ਕਿ ਪਾਕਿਸਤਾਨ ਵਿਚ ਆਜ਼ਾਦੀ ਦਾ ਗਲਾ ਘੁੱਟ ਦਿਤਾ ਗਿਆ ਹੈ। ਹੁਣ ਲੋਕਾਂ ਨੇ ਦੇਖ ਲਿਆ ਹੈ ਕਿ ਮਾਰਸ਼ਲ ਲਾਅ ਅਸਲ ਵਿਚ ਲਾਗੂ ਹੈ ਪਰ ਨਾਂ ਬਦਲ ਦਿਤਾ ਗਿਆ ਹੈ।"

ਐਜੀਟੇਸ਼ਨ ਦੀ ਰੂਪ ਰੇਖਾ


ਐਮ. ਆਰ. ਡੀ. ਐਜੀਟੇਸ਼ਨ ਦੀ ਰੂਪ ਰੇਖਾ ਵਿਚ ਤਬਦੀਲੀ ਬਾਰੇ ਸੋਚ ਰਹੀ ਹੈ ਜਿਸ ਅਨੁਸਾਰ ਸਾਰੇ ਅਜਿਹੇ ਲੀਡਰ ਜੋ ਅਜੇ ਤੱਕ ਗ੍ਰਿਫਤਾਰੀਆਂ ਤੋਂ ਬਚੇ ਹੋਏ ਹਨ ਉਹ ਦੇਸ਼ ਦੇ ਵੱਖ ਵੱਖ ਭਾਗਾਂ ਵਿਚ ਮੁਜ਼ਾਹਰੇ ਲਾਮਬੰਦ ਕਰਨਗੇ। ਨਾਲ ਹੀ ਦੋ ਹਫਤਿਆਂ ਤੋਂ ਸ਼ੁਰੂ ਹੋਈ ਐਜੀਟੇਸ਼ਨ ਹੋਰ ਤੇਜ਼ ਕੀਤੀ ਜਾਵੇਗੀ। ਆਸ ਕੀਤੀ ਜਾਂਦੀ ਹੈ ਕਿ ਨਜ਼ਰਬੰਦ ਆਗੂ ਇਸ ਹਫਤੇ ਛੱਡ ਦਿਤੇ ਜਾਣਗੇ ਅਤੇ ਬੇਨਜ਼ੀਰ ਭੁੱਟੋ ਸਤੰਬਰ ਵਿਚ ਨਜ਼ਰਬੰਦੀ ਤੋਂ ਰਿਹਾ ਕਰ ਦਿਤੀ ਜਾਵੇਗੀ। ਉਹ ਆਮ ਲੋਕਾਂ ਨੂੰ ਲਾਮਬੰਦ ਕਰਨ ਲਈ ਰੈਲੀਆਂ ਕਰੇਗੀ — ਇਸ ਸਾਲ ਚੋਣਾਂ ਕਰਵਾਏ ਜਾਣ ਦੀ ਮੰਗ ਹੋਰ ਜ਼ੋਰ ਫੜੇਗੀ। ਜੇ ਚੋਣਾਂ ਦੀ ਮੰਗ ਮੰਨ ਲਈ ਜਾਂਦੀ ਹੈ ਤਾਂ ਜ਼ਿਆ ਸਰਕਾਰ ਦਾ ਖ਼ਾਤਮਾ ਲਾਜ਼ਮੀ ਹੈ ਤੇ ਪੀਪਲਜ਼ ਪਾਰਟੀ ਤਾਕਤ ਵਿਚ ਆ ਜਾਵੇਗੀ।

ਜ਼ਿਆ ਚਲਾਕੀ ਦੇ ਰਾਹ 'ਤੇ

ਜ਼ਿਆ ਇਸ ਸਥਿਤੀ ਨੂੰ ਸਮਝਦਾ ਹੈ। ਇਸੇ ਕਾਰਨ 33 ਸਾਲਾ ਬੇਨਜ਼ੀਰ ਨਾਲ ਉਹ ਸਿੱਧੀ ਟੱਕਰ ਨੂੰ ਟਾਲ ਰਿਹਾ ਹੈ। ਪਰ 14 ਅਗਸਤ ਨੂੰ ਜ਼ਿਆ ਦੀ ਗੈਰ ਹਾਜ਼ਰੀ ਵਿਚ ਪ੍ਰਧਾਨ ਮੰਤਰੀ ਮੁਹੰਮਦ ਖਾਨ ਜੁਨੇਜੋ ਨੇ ਆਜ਼ਾਦੀ ਦਿਨ ਦੀਆਂ ਰੈਲੀਆਂ ਉਤੇ ਰੋਕ ਲਾਕੇ ਜ਼ਿਆ ਨੂੰ ਕਸੂਤੀ ਸਥਿਤੀ ਵਿਚ ਜਕੜ ਦਿਤਾ ਹੈ। ਸਰਕਾਰ ਨੇ ਰੋਕ ਤਾਂ ਲਾ ਦਿਤੀ ਪਰ ਪੀਪਲਜ਼ ਪਾਰਟੀ ਤੇ 11—ਪਾਰਟੀ ਫਰੰਟ ਨੇ ਰੋਕ ਤੋੜਨ ਦਾ ਫੈਸਲਾ ਲੈ ਲਿਆ ਜਿਸ ਕਾਰਨ ਮੁਜ਼ਾਹਰੇ ਲਾਮਬੰਦ ਹੋਣੇ ਸ਼ੁਰੂ ਹੋ ਗਏ ਤੇ ਮੁਜ਼ਾਹਰੇ ਤਾਕਤ ਦੀ ਵਰਤੋਂ ਨਾਲ ਤੋੜਨੇ ਪੈ ਰਹੇ ਹਨ। ਜ਼ਿਆ ਇਸ ਸਥਿਤੀ ਤੋਂ ਹੀ ਯਰਕਦਾ ਹੈ। ਲੋਕਾਂ ਦਾ ਖ਼ੂਨ ਸ਼ਰੇ-ਆਮ ਵਹਿ ਰਿਹਾ ਹੈ। ਕੌਮਾਂਤਰੀ ਪੱਧਰ ਉਤੇ ਇਸ ਖ਼ੂਨ ਖਰਾਬੇ ਦੀਆਂ ਖ਼ਬਰਾਂ ਸੁਰਖੀਆਂ ਬਣ ਕੇ ਲੱਗ ਰਹੀਆਂ ਹਨ। ਜ਼ਿਆ ਨੇ ਮੱਕੇ ਤੋਂ ਪਰਤਦਿਆਂ ਹੀ ਬਿਆਨ ਦਿਤਾ ਹੈ ਕਿ ਆਜ਼ਾਦੀ ਦਿਨ ਉਤੇ ਰੈਲੀਆਂ ਕਰਨ 'ਤੇ ਪਾਬੰਦੀ ਲਾਉਣੀ ਗਲਤੀ ਸੀ। ਇਸੇ ਕਾਰਨ ਪੱਛਮੀ ਪੰਜਾਬ ਵਿਚ ਮੁਜ਼ਾਹਰਿਆਂ ਉਤੋਂ ਪਾਬੰਦੀ ਹਟਾ ਲਈ ਗਈ ਹੈ। ਪੁਲਸ ਨੂੰ ਜਦੋਂ ਨੌਜਵਾਨ ਛੇੜਛਾੜ ਵੀ ਕਰਦੇ ਹਨ ਤਾਂ ਪੁਲਸ ਵਾਲੇ ਉਨ੍ਹਾਂ ਵੱਲ ਧਿਆਨ ਦੇਣ ਤੋਂ ਕਤਰਾਉਂਦੇ ਹਨ। ਪਰ ਦੇਸ਼ ਦੇ ਦੂਜੇ ਹਿਸਿਆਂ ਵਿਚ ਸਥਿਤੀ ਕੰਟਰੋਲ ਤੋਂ ਬਾਹਰ ਹੈ।

ਕਰਾਚੀ ਅਤੇ ਸਿੰਧ ਸੂਬੇ ਦੀਆਂ ਹੋਰ ਥਾਵਾਂ ਉਤੇ ਲਗਾਤਾਰ ਮੁਠਭੇੜਾਂ ਹੋ ਰਹੀਆਂ ਹਨ। ਮੁਜ਼ਾਹਰਾਕਾਰ ਬੰਦੂਕਾਂ ਦੀ ਆਮ ਵਰਤੋਂ ਕਰਦੇ ਹਨ — ਇਸ ਕਾਰਨ ਪੁਲਸ ਅਤੇ ਫੌਜ ਵੀ ਹੰਝੂ ਗੈਸ ਅਤੇ ਗੋਲੀਆਂ ਦੀ ਵਰਤੋਂ ਕਰਦੀ ਹੈ। ਬਹੁਤੀਆਂ ਥਾਵਾਂ ਉਤੇ ਪੁਲਸ ਤੇ ਮੁਜ਼ਾਹਰਾ ਕਰਨ ਵਾਲਿਆਂ ਵਿਚਕਾਰ ਸਿੱਧੀ ਟੱਕਰ ਹੋ ਚੁਕੀ ਹੈ।

ਇਹ ਸਥਿਤੀ ਬਦਲਣ ਦੀ ਸੰਭਾਵਨਾ ਬੇਨਜ਼ੀਰ ਭੁੱਟੋ ਦੀ ਰਿਹਾਈ ਨਾਲ ਬਦਲ ਸਕਦੀ ਹੈ।







8 ਸਤੰਬਰ ਨੂੰ ਜਸਵੰਤ ਸਿੰਘ ਅੜਕ ਦਾ ਮੁਕੇਬਾਜ਼ੀ ਮੁਕਾਬਲਾ



ਬੀ. ਸੀ. ਪਲੇਸ ਸਟੇਡੀਅਮ ਵਿਚ ਇਕ ਵੱਡਾ ਭਾਰੀ ਮੁਕੇਬਾਜ਼ੀ ਮੁਕਾਬਲਾ ਹੋਵੇਗਾ। ਉਂਝ ਤਾਂ ਇਸ ਵਿਚ ਕਾਫੀ ਮੁਕੇਬਾਜ਼ ਸ਼ਾਮਿਲ ਹੋ ਰਹੇ ਹਨ ਪਰ ਵਿਸ਼ੇਸ਼ ਮੁਕਾਬਲਾ ਪੰਜਾਬੀ ਮੁੱਕੇਬਾਜ਼ ਤੇ ਕਲੋਨਾ ਨਿਵਾਸੀ ਯੁਵਕ ਮੁੱਕੇਬਾਜ਼ ਜਸਵੰਤ ਸਿੰਘ ਅੜਕ ਤੇ ਸਾਓਲ ਮੈਂਬੀ ਵਿਚਕਾਰ ਹੋਵੇਗਾ। ਸਾਓਲ ਮੈਂਬੀ ਜੋ ਐਨ. ਵਾਈ. ਸੀ. ਦਾ ਰਹਿ ਚੁਕਿਆ ਸੰਸਾਰ ਚੈਂਪੀਅਨ ਹੈ ਨੂੰ ਜਸਵੰਤ ਸਿੰਘ ਅੜਕ ਨੇ ਚੈਲੈਂਜ ਕੀਤਾ ਹੋਇਆ ਹੈ ਇਹ ਮੁਕਾਬਲਾ ਬੀ. ਸੀ. ਸਟੇਡੀਅਮ ਵਿਚ 8 ਸਤੰਬਰ ਸ਼ਾਮ ਦੇ 7 ਵਜੇ ਹੋਵੇਗਾ। ਮੁਕੇਬਾਜ਼ੀ ਵਿਚ ਹਿਸਾ ਲੈਣ ਵਾਲੇ ਦੂਜੇ ਕੁਝ ਮੁੱਕੇਬਾਜ਼ਾਂ ਦੇ ਨਾਂ ਇਸ ਤਰ੍ਹਾ ਹਨ — ਬਿਲੀ ਫੇਮਸ, ਨਾਜ਼ੀਰੀਆ ਚੈਂਪੀਅਨ, ਟੋਨੀ ਪੇਪ ਵੈਨਕੂਵਰ ਚੈਂਪੀਅਨ, ਭੂਤ ਪੂਰਵ ਵਰਲਡ ਚੈਂਪੀਅਨ ਲੈਸਟਰ ਐਲੀਸ ਹਿਸਾ ਲੈ ਰਹੇ ਹਨ।

ਕੋਹਾੜ ਨੂੰ ਇੰਝ ਫੜਿਆ ਗਿਆ

ਜਲੰਧਰ — ਦੋ ਪੁਲੀਸ ਅਧਿਕਾਰੀਆਂ ਦੀ ਸੂਝਬੂਝ ਤੇ ਸਾਵਧਾਨੀ ਸਦਕਾ ਹੀ ਖਤਰਨਾਕ ਦਹਿਸ਼ਤਪਸੰਦ ਅਤੇ ਖਾਲਿਸਤਾਨ ਮੁਕਤੀ ਫੌਜ ਦੇ ਆਪੇ ਬਣੇ ਜਰਨੈਲ, ਤਰਸੇਮ ਸਿੰਘ ਕੋਹਾੜ ਨੂੰ ਗ੍ਰਿਫਤਾਰ ਕੀਤਾ ਜਾ ਸਕਿਆ। ਕੋਹਾੜ ਤੇ ਉਸ ਦਾ ਸਾਥੀ ਸੁਖਦੇਵ ਸਿੰਘ ਦਿਆਲਪੁਰ ਨੇੜੇ ਕੁਝ ਦਿਨ ਪਹਿਲਾਂ ਬੱਸ ਵਿਚ ਸਫਰ ਕਰਦੇ ਫੜੇ ਗਏ ਸਨ। ਕੋਹਾੜ ਦੀ ਗ੍ਰਿਫਤਾਰੀ ਬਾਰੇ ਪ੍ਰਾਪਤ ਵੇਰਵਿਆਂ ਅਨੁਸਾਰ ਪੁਲੀਸ ਨੇ ਪਹਿਲਾਂ ਜਗਦੀਸ਼ ਕੌਰ ਨੂੰ ਗ੍ਰਿਫਤਾਰ ਕੀਤਾ ਜਿਸ ਨੇ ਕੋਹਾੜ ਦੇ ਪਰੋਗਰਾਮ ਬਾਰੇ ਪੁਲੀਸ ਨੂੰ ਪੱਕਾ ਵੇਰਵਾ ਦਿਤਾ।

ਤਰਸੇਮ ਸਿੰਘ ਕੋਹਾੜ ਤੇ ਸੁਖਦੇਵ ਸਿੰਘ ਪੰਜਾਬ ਰੋਡਵੇਜ਼ ਦੇ ਜਲੰਧਰ ਡੀਪੂ ਨੰਬਰ ਇਕ ਦੀ ਬੱਸ ਵਿਚ ਹਮੀਰਾ ਪੁਲ ਤੋਂ ਚੜ੍ਹੇ। ਬਿਆਸ ਤੋਂ ਚਲੀ ਇਸ ਬੱਸ ਨੂੰ ਗੁਰਦਿਆਲ ਸਿੰਘ ਚਲਾ ਰਿਹਾ ਸੀ ਤੇ ਗੁਰਚਰਨ ਸਿੰਘ ਇਸ ਦਾ ਕੰਡਕਟਰ ਸੀ। ਕੋਹਾੜ ਤੇ ਸੁਖਦੇਵ ਸਿੰਘ ਨੂੰ ਫੜਨ ਵਾਲੇ ਚਿਟਕੱਪੜੀਏ ਪੁਲੀਸ ਮੁਲਾਜ਼ਮ ਵੀ ਇਸੇ ਬੱਸ ਵਿਚ ਸਵਾਰ ਸਨ। ਜਿਉਂ ਹੀ ਬੱਸ ਨੇ ਰਫਤਾਰ ਫੜੀ, ਦੋਵਾਂ ਪੁਲੀਸ ਅਧਿਕਾਰੀਆਂ ਨੇ ਕੋਹਾੜ ਤੇ ਸੁਖਦੇਵ ਸਿੰਘ ਨੂੰ ਪਿਛਿਓਂ ਕਾਲਰਾਂ ਤੋਂ ਫੜ ਲਿਆ। ਇਸ ਤੋਂ ਚੌਹਾਂ ਵਿਚਕਾਰ ਖਿਚ-ਧੂਹ ਤੇ ਘਸੁੰਨ-ਮੁੱਕੀ ਹੋਈ। ਇਸ ਸਾਰੇ ਕਾਂਡ ਵਿਚ ਨਾ ਸਵਾਰੀਆਂ ਨੂੰ ਕੁਝ ਸਮਝ ਆਇਆ। ਕੋਹਾੜ ਨੇ ਡਰਾਈਵਰ ਨੂੰ ਵਾਰ ਵਾਰ ਬੱਸ ਰੋਕਣ ਲਈ ਕਿਹਾ ਜਦਕਿ ਪੁਲੀਸ ਅਧਿਕਾਰੀ ਬੱਸ ਚਲਾਈ ਰਖਣ ਲਈ ਕਹਿੰਦੇ ਰਹੇ। ਇੰਨੀ ਦੇਰ ਵਿਚ ਨਾਕਾ ਆ ਗਿਆ ਤੇ ਕੋਹਾੜ ਵੀ ਢਿੱਲਾ ਪੈ ਗਿਆ। ਨਾਕੇ ਉਪਰ ਤਾਇਨਾਤ ਪੁਲੀਸ ਟੁਕੜੀ ਨੇ ਸੁਖਦੇਵ ਸਿੰਘ ਤੇ ਕੋਹਾੜ ਨੂੰ ਗ੍ਰਿਫਤਾਰ ਕਰ ਲਿਆ। ਇਨ੍ਹਾਂ ਦੇ ਮਗਰੇ ਮਗਰ ਜਗਦੀਸ਼ ਕੌਰ ਨੂੰ ਇਕ ਕਾਰ ਵਿਚ ਲਿਆਂਦਾ ਗਿਆ ਤੇ ਉਸੇ ਨਾਕਾ ਪਾਰਟੀ ਦੇ ਹਵਾਲੇ ਕਰ ਦਿੱਤਾ ਗਿਆ। ਦਿਲਚਸਪ ਗੱਲ ਇਹ ਹੋਈ ਕਿ ਹਮੀਰਾ ਤੋਂ ਬੱਸ ਚਲਣ ਮਗਰੋਂ ਨਾ ਕੰਡਕਟਰ ਕੋਹਾੜ ਤੇ ਸੁਖਦੇਵ ਸਿੰਘ ਦੇ ਟਿਕਟ ਕੱਟ ਸਕਿਆ ਤੇ ਨਾ ਹੀ ਪੁਲੀਸ ਮੁਲਾਜ਼ਮਾਂ ਦੇ।

ਬਰਨਾਲਾ ਸਰਕਾਰ ਨੇ ਅਤਿਵਾਦ ਦੇ ਖਾਤਮੇ ਲਈ ਛੇ ਮਹੀਨੇ ਦਿੱਤੇ

ਚੰਡੀਗੜ੍ਹ — ਬਰਨਾਲਾ ਸਰਕਾਰ ਨੇ ਪੁਲੀਸ ਅਤੇ ਅਰਧ ਫੌਜੀ ਦਲਾਂ ਨੂੰ ਰਾਜ ਵਿਚ ਦਹਿਸ਼ਤਵਾਦ ਉਪਰ ਕਾਬੂ ਪਾਉਣ ਲਈ ਛੇ ਮਹੀਨੇ ਦਾ ਸਮਾਂ ਦਿਤਾ ਹੈ। ਇਹ ਗੱਲ ਭਾਵੇਂ ਸਾਰੇ ਮੰਨਦੇ ਹਨ ਕਿ ਦਹਿਸ਼ਤਵਾਦ ਇਕ ਅਜਿਹਾ ਮਸਲਾ ਹੈ ਜਿਸ ਨੂੰ ਰਾਤੋ ਰਾਤ ਖਤਮ ਨਹੀਂ ਕੀਤਾ ਜਾ ਸਕਦਾ ਪ੍ਰੰਤੂ ਹਾਲ ਹੀ ਵਿਚ ਪੁਲੀਸ ਵਲੋਂ ਕੁਝ ਦਹਿਸ਼ਤਪਸੰਦ ਗਰੁੱਪਾਂ ਦੇ ਸਫਾਏ ਅਤੇ ਕੁਝ ਖਤਰਨਾਕ ਦਹਿਸ਼ਤਪਸੰਦਾਂ ਨੂੰ ਫੜੇ ਜਾਣ ਤੋਂ ਅਕਾਲੀ ਸਰਕਾਰ ਕੁਝ ਇਸ ਤਰ੍ਹਾਂ ਸੋਚਣ ਲਗ ਪਈ ਹੈ ਕਿ ਇਸ ਪਾਸੇ ਵਲ ਕੁਝ ਅਹਿਮ ਪ੍ਰਾਪਤੀ ਲਈ ਕੋਈ ਨਿਸ਼ਚਿਤ ਤਰੀਕ ਮਿਥੀ ਜਾਵੇ। ਅਕਾਲੀ ਸਰਕਾਰ ਦੀਆਂ ਇਛਾਵਾਂ ਦੇ ਉਲਟ ਇਸ ਦੀ ਹੋਂਦ ਦਾ ਮਸਲਾ ਪੰਜਾਂਬ ਵਿਚ ਅਮਨ ਕਾਨੂੰਨ ਦੀ ਸਥਿਤੀ ਨਾਲ ਜੁੜ ਕੇ ਰਹਿ ਗਿਆ ਹੈ। ਅਕਾਲੀ ਲੀਡਰਸ਼ਿਪ ਹੁਣ ਇਸ ਢੰਗ ਨਾਲ ਸੋਚਣ ਲਗ ਪਈ ਹੈ ਕਿ ਉਹ ਅਣਮਿਥੇ ਸਮੇਂ ਲਈ ਹਾਲਾਤ ਜਿਵੇਂ ਹਨ, ਤਿਵੇਂ ਚਲ ਨਹੀਂ ਦੇ ਸਕਦੇ। ਕੇਂਦਰ ਸਰਕਾਰ ਦਿਨੋਂ ਦਿਨ ਵਧਦੀ ਹਿੰਸਾ ਨੂੰ ਸਿਰਫ ਇਸੇ ਕਾਰਨ ਅਖੋਂ ਪਰੋਖੇ ਨਹੀਂ ਕਰ ਸਕਦੀ ਕਿ ਅਕਾਲੀ ਸਰਕਾਰ ਨੂੰ ਭੰਗ ਕੀਤੇ ਜਾਣ ਕਾਰਨ ਸਿਖ ਕਿਧਰੇ ਇਸ ਤੋਂ ਹੋਰ ਦੂਰ ਨਾ ਚਲੇ ਜਾਣ।


ਅਕਾਲੀ ਸਰਕਾਰ ਨੂੰ ਇਸ ਗੱਲ ਦੀ ਸਮਝ ਆ ਗਈ ਹੈ ਕਿ ਪੰਜਾਬ ਵਿਚੋਂ ਦਹਿਸ਼ਤਵਾਦ ਖਤਮ ਕਰਨ ਲਈ ਕੌਮੀ ਪੱਧਰ ਉਪਰ ਸਖਤ ਤੋਂ ਸਖਤ ਕਦਮ ਚੁੱਕਣ ਸਬੰਧੰ ਸਹਿਮਤੀ ਹੋ ਗਈ ਹੈ। ਹਾਲ ਹੀ ਵਿਚ ਸਰਕਾਰੀ ਧਿਰ ਵਲੋਂ ਰਾਜ ਸਭਾ ਵਿਚ ਪੇਸ਼ ਧਾਰਾ 249 ਬਾਰੇ ਮਤੇ ਨੂੰ ਪ੍ਰਵਾਨਗੀ ਮਿਲਣਾ ਇਸ ਵਿਸ਼ੇ ਉਪਰ ਕੌਮੀ ਸਹਿਮਤੀ ਦਾ ਸੰਕੇਤਕ ਸਮਝਿਆ ਜਾ ਰਿਹਾ ਹੈ। ਇਸ ਲਈ ਅਗਰ ਹੁਣ ਵੀ ਅਕਾਲੀ ਸਰਕਾਰ ਅਗਲੇ ਕੁਝ ਮਹੀਨਿਆਂ ਵਿਚ ਅਮਨ ਕਾਨੂੰਨ ਦੇ ਮਾਮਲੇ ਵਿਚ ਕੋਈ ਠੋਸ ਕਾਰਵਾਈ ਨਾ ਕਰ ਕੇ ਦਿਖਾ ਸਕੀ ਤਾਂ ਉਹ ਸਮਝਦੀ ਹੈ ਕਿ ਉਸ ਨੂੰ ਅਗਲਾ ਦਰਵਾਜ਼ਾ ਦਿਖਾ ਦਿਤੇ ਜਾਣ ਅਤੇ ਪੰਜਾਬ ਨੂੰ ਫੌਜ ਹਵਾਲੇ ਕਰਨ ਵਿਚ ਕੇਂਦਰ ਨੂੰ ਕੋਈ ਹਿਚਕ ਨਹੀਂ ਹੋਵੇਗੀ। ਹਿੰਸਾ ਦਾ ਉਤਰ ਹੋਰ ਵੀ ਸਖਤ ਹਿੰਸਾ ਨਾਲ ਦੇਣ ਵਿਚ ਫੌਜ ਨੂੰ ਕੋਈ ਹਿਚਕ ਨਹੀਂ ਹੁੰਦੀ। ਇਸ ਤਰ੍ਹਾਂ ਅਗਰ ਕੁਝ ਬੇਗੁਨਾਹ ਲੋਕਾਂ ਮਾਰੇ ਵੀ ਜਾਣ ਤਾਂ ਕੋਈ ਵੱਡੀ ਗੱਲ ਨਹੀਂ ਸਮਝੀ ਜਾਂਦੀ। ਦਹਿਸ਼ਤਪਸੰਦਾਂ ਨੂੰ ਉਨ੍ਹਾਂ ਦੇ ਘੁਰਨਿਆਂ ਵਿਚੋਂ ਕੱਢਣ ਲਈ 1984 ਵਿਚ ਆਪਰੇਸ਼ਨ ਵੂਡ ਰੋਜ਼ ਦੌਰਾਨ ਕੀਤੀ ਕਾਰਵਾਈ ਦੀ ਯਾਦ ਅਜੇ ਵੀ ਲੋਕਾਂ ਦੇ ਦਿਲਾਂ ਵਿਚ ਤਾਜ਼ਾ ਹੈ। ਇਸ ਲਈ ਅਗਰ ਫੌਜ ਬੁਲਾਉਣੀ ਹੀ ਪੈਂਦੀ ਹੈ ਤਾਂ ਅਕਾਲੀ ਸਰਕਾਰ ਮੂਲੋਂ ਨਿਰਦੋਸ਼ ਨਹੀਂ ਕਹਾਏਗੀ।


ਪੰਜਾਬ ਪੁਲੀਸ ਦੇ ਡਾਇਰੈਕਟਰ ਜਨਰਲ ਜੇ. ਰਿਬੇਰੋ ਸਮਝਦੇ ਹਨ ਕਿ ਪੰਜਾਬ ਪੁਲੀਸ ਵਲੋਂ ਮਨਬੀਰ ਸਿੰਘ ਚਹੇੜੂ ਅਤੇ ਤਰਸੇਮ ਸਿੰਘ ਕੋਹਾਰ ਦੇ ਸਾਥੀਆਂ ਸਮੇਤ ਹਾਲੀਆ ਗ੍ਰਿਫਤਾਰੀ ਅਤੇ ਕੁਝ ਹੋਰ ਦਹਿਸ਼ਤਪਸੰਦਾਂ ਦਾ ਸਫਾਇਆ ਦਹਿਸ਼ਤਵਾਦ ਵਿਰੁਧ ਚਲ ਰਹੀ ਲਾਮ ਵਿਚ ਅਹਿਮ ਮੀਲ ਪੱਥਰ ਹਨ ਇਨਾਂ ਦਿਨਾਂ ਦੌਰਾਨ ਪੁਲੀਸ ਵਲੋਂ ਖਤਮ ਕੀਤੇ ਗਏ ਕੁਝ ਦਹਿਸ਼ਤਪਸੰਦ ਤਰਨਤਾਰਨ, ਬਟਾਲਾ, ਅੰਮ੍ਰਿਤਸਰ ਅਤੇ ਗੁਰਦਾਸਪੁਰ ਜ਼ਿਲਿਆਂ ਦੇ ਕੁਝ ਹੋਰ ਹਿੱਸਿਆਂ ਵਿਚੋਂ ਹਿੰਦੂ ਪਰਿਵਾਰਾਂ ਦੇ ਨਿਕਲਣ ਲਈ ਜ਼ਿਮੇਵਾਰ ਸਨ। ਸ੍ਰੀ ਰਿਬੇਰੋ ਦਾ ਵਿਚਾਰ ਹੈ ਕਿ ਦਹਿਸ਼ਤਪਸੰਦਾਂ ਵਿਰੁਧ ਕਾਰਵਾਈ ਵਿਚ ਢਿੱਲ ਦਿਤੇ ਜਾਣ ਦਾ ਪ੍ਰਸ਼ਨ ਨਹੀਂ ਹੈ। ਹੁਣ ਵੀ ਉਹ ਪੰਜਾਬ ਵਿਚ ਇਕ ਵੱਡੀ ਧਿਰ ਹਨ ਤੇ ਕਿਧਰੇ ਵੀ ਜਾ ਕੇ ਹਮਲਾ ਕਰਨ ਦੀ ਉਨ੍ਹਾਂ ਵਿਚ ਸਮਰਥਾ ਹੈ। ਸਾਬਕ ਫੌਜੀ ਮੁਖੀ ਜਨਰਲ ਅਰੁਨ ਸ੍ਰੀਧਰ ਵੈਦਿਆ ਦੀ ਹਾਲੀਆ ਹੱਤਿਆ ਤੋਂ ਦਹਿਸ਼ਤਪਸੰਦਾਂ ਵਲੋਂ ਵਿਛਾਏ ਵਿਆਪਕ ਜਾਲ, ਸ਼ਾਨਦਾਰ ਯੋਜਨਾ ਅਤੇ ਉਚ ਕੋਟੀ ਦੀ ਸਿਖਲਾਈ ਕਾਰਨ ਦਹਿਸ਼ਤਪਸੰਦਾਂ ਵਿਰੁਧ ਲਗਾਤਾਰ ਚੌਕਸੀ ਤੇ ਦਬਾਓ ਰੱਖਣਾ ਜ਼ਰੂਰੀ ਹੈ।


ਇਸੇ ਦੌਰਾਨ ਪੰਜਾਬ ਸਰਕਾਰ ਦੇ ਗ੍ਰਹਿ ਵਿਭਾਗ ਨੇ ਸਖਤ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਦਹਿਸ਼ਤਪਸੰਦਾਂ ਨੂੰ 'ਮੁਕਾਬਲਿਆਂ' ਵਿਚ ਖਤਮ ਨਾ ਕੀਤਾ ਜਾਵੇ। ਜ਼ੋਰ ਇਸ ਗੱਲ ਉਪਰ ਦਿਤਾ ਗਿਆ ਹੈ ਕਿ ਇਨ੍ਹਾਂ ਨੂੰ ਵੱਧ ਤੋਂ ਵੱਧ ਗਿਣਤੀ ਵਿਚ ਗ੍ਰਿਫਤਾਰ ਕੀਤਾ ਜਾਵੇ ਤਾਂ ਕਿ ਇਨ੍ਹਾਂ ਪਾਸੋਂ ਜ਼ਿਆਦਾ ਤੋਂ ਜ਼ਿਆਦਾ ਸੂਚਨਾਵਾਂ ਹਾਸਲ ਕੀਤੀਆਂ ਜਾ ਸਕਣ।


ਅਕਤੂਬਰ ਵਿਚ ਆਲ ਇੰਡੀਆ ਸਿੱਖ ਸੰਮੇਲਨ

—ਗਿਆਨੀ ਜਗਜੀਤ ਸਿੰਘ—


ਪ੍ਰਕਾਸ਼ ਸਿੰਘ ਬਾਦਲ


ਆਤਮਾ ਸਿੰਘ


ਗੁਰਚਰਨ ਸਿੰਘ ਟੌਹੜਾ


ਜੀਵਨ ਸਿੰਘ ਉਮਰਾਨੰਗਲ

ਅਕਾਲੀ ਰਾਜਨੀਤੀ ਵਿਚ ਹਾਵੀ ਹੋਣ ਲਈ ਸਭ ਤੋਂ ਵੱਡਾ ਪਲੇਟਫਾਰਮ ਸ਼੍ਰੋ: ਗੁ: ਪ੍ਰੰ: ਕਮੇਟੀ ਦਾ ਹੈ। ਜਿਸ ਅਕਾਲੀ ਧੜੇ ਦਾ ਸ਼੍ਰੋ: ਕਮੇਟੀ ਤੇ ਕਬਜ਼ਾ ਹੋਵੇਗਾ ਉਸ ਦਾ ਹੀ ਸਿੱਖਾਂ ਵਿਚ ਬੋਲਬਾਲਾ ਸਮਝਿਆ ਜਾਂਦਾ ਹੈ। ਇਸ ਲਈ ਕਮੇਟੀ ਦੀਆਂ ਜਨਰਲ ਚੋਣਾਂ ਜਾਂ ਪ੍ਰਧਾਨ ਦੀ ਵਾਰਸ਼ਿਕ ਚੋਣ ਆਪਣੀ ਆਪਣੀ ਥਾਂ ਦੋਵੇਂ ਹੀ ਮਹੱਤਵਪੂਰਨ ਹਨ ਕਿਉਂਕਿ ਵਿਸ਼ਵ ਸਿੱਖ ਰਾਜਨੀਤੀ ਦਾ ਧੁਰਾ ਵੀ ਸ਼੍ਰੋਮਣੀ ਕਮੇਟੀ ਹੀ ਹੈ। ਮੈਂ ਇਥੇ ਇਹ ਗੱਲ ਜ਼ਰੂਰ ਵਰਨਣ ਕਰਨੀ ਚਾਹਾਂਗਾ ਕਿ ਜਿਸ ਕਿਸੇ ਲੀਡਰ ਨੇ ਅਕਾਲੀ ਜਾਂ ਸਿੱਖ ਰਾਜਨੀਤੀ ਵਿਚ ਵਧੇਰੇ ਜਿੰਦਾ ਰਹਿਣਾ ਹੈ ਤਾਂ ਉਸ ਦਾ ਸ਼੍ਰੋ: ਗੁ: ਪ੍ਰੰ: ਕਮੇਟੀ ਦਾ ਮੈਂਬਰ ਹੋਣਾ ਲਾਜ਼ਮੀ ਹੈ। ਸਿੱਖ ਰਾਜਨੀਤੀ ਵਿਚ ਕਿਉਂਕਿ ਧਰਮ, ਰਾਜਨੀਤੀ ਤੇ ਹਾਵੀ ਹੈ ਅਤੇ ਰਾਜਨੀਤੀ ਨੂੰ ਸਦਾ ਧਰਮ ਦੀ ਤਾਬਿਆ ਵਿਚ ਰਹਿਣਾ ਪੈਂਦਾ ਹੈ ਇਸ ਲਈ ਹੀ ਸ਼੍ਰੋ: ਗੁ: ਪ੍ਰੰ: ਕਮੇਟੀ ਪਾਰਟੀ ਅਤੇ ਸਰਕਾਰ ਦੋਵਾਂ ਨਾਲੋਂ ਵਧੇਰੇ ਮਹਾਨਤਾ ਰੱਖਦੀ ਹੈ ਅਤੇ ਇਸ ਤਰ੍ਹਾਂ ਉਹ ਅਕਾਲੀ ਦਲ ਹੀ ਵਧੇਰੇ ਜਾਣਿਆ ਜਾਂਦਾ ਹੈ, ਜਿਸ ਪਾਸ ਸ਼੍ਰੋ: ਕਮੇਟੀ ਦਾ ਕਬਜ਼ਾ ਹੁੰਦਾ ਹੈ। ਜਦ 1967 ਤੋਂ ਪੰਜਾਬ ਵਿਚ ਅਕਾਲੀ ਸਰਕਾਰਾਂ ਬਣਨ ਦਾ ਸਿਲਸਿਲਾ ਆਰੰਭ ਹੋਇਆ ਤਾਂ ਕੋਈ ਵੀ ਅਕਾਲੀ ਸਰਕਾਰ ਸ਼੍ਰੋ: ਕਮੇਟੀ ਦੇ ਪਲੇਟ ਫਾਰਮ ਤੋਂ ਬਿਨਾਂ ਹੋਂਦ ਵਿਚ ਨਹੀਂ ਆਈ ਕੇਵਲ ਇਕ ਦਲ ਬਦਲੂ ਅਕਾਲੀ ਸਰਕਾਰ ਸ: ਲਛਮਣ ਸਿੰਘ ਗਿੱਲ ਦੀ ਸਥਾਪਤ ਹੋਈ ਸੀ ਜੋ 8-9 ਮਹੀਨੇ ਪਿਛੋਂ ਟੁਟ ਗਈ ਕਿਉਂਕਿ ਇਸ ਸਰਕਾਰ ਦਾ ਸ਼੍ਰੋ: ਕਮੇਟੀ ਤੇ ਕੋਈ ਕਬਜ਼ਾ ਨਹੀਂ ਸੀ ਅਤੇ ਸਾਰੇ ਦਾ ਸਾਰਾ ਅਕਾਲੀ ਕੇਡਰ ਇਸ ਸਰਕਾਰ ਦੇ ਵਿਰੁਧ ਸੀ। ਅਕਾਲੀ ਦਲ ਅਤੇ ਇਸ ਦੀ ਸਰਕਾਰ ਨੂੰ ਜਿੰਦਾ ਰੱਖਣ ਵਾਲੀ ਇਹ ਧਾਰਮਿਕ ਸੰਸਥਾ ਗੁਰਦੁਆਰਾ ਪ੍ਰਬੰਧਕ ਕਮੇਟੀ ਹੀ ਹੈ। ਜਦ ਕਦੀ ਕਿਸੇ ਧੜੇ ਦਾ ਇਸ ਕਮੇਟੀ ਤੇ ਕਬਜ਼ਾ ਸਮਾਪਤ ਹੁੰਦਾ ਹੈ ਤਾਂ ਉਸ ਸਮੇਂ ਤੋਂ ਹੀ ਉਹ ਧੜਾ ਸਿੱਖ ਰਾਜਨੀਤੀ ਵਿਚ ਸਾਖ ਗੁਆ ਬੈਠਦਾ ਹੈ। ਇਸ ਬਾਰੇ ਜਥੇਦਾਰ ਅਤੇ ਮਾਸਟਰ ਤਾਰਾ ਸਿੰਘ ਗਰੁੱਪਾਂ ਦੇ ਹਵਾਲੇ ਦਿਤੇ ਜਾ ਸਕਦੇ ਹਨ। ਜਿਹੜੇ ਸੀਨੀਅਰ ਅਕਾਲੀ ਲੀਡਰ ਸ਼੍ਰੋ: ਗੁ: ਪ੍ਰੰ: ਕਮੇਟੀ ਦਾ ਲੰਮੇ ਸਮੇਂ ਤਕ ਮੈਂਬਰ ਹੋਣ ਕਾਰਨ ਅਕਾਲੀ ਰਾਜਨੀਤੀ ਵਿਚ ਹਾਵੀ ਰਹੇ। ਇਨ੍ਹਾਂ ਵਿਚ ਮਾਸਟਰ ਤਾਰਾ ਸਿੰਘ, ਸ: ਹੁਕਮ ਸਿੰਘ, ਜਥੇਦਾਰ ਊਧਮ ਸਿੰਘ ਨਾਗੋਕੇ, ਈਸ਼ਰ ਸਿੰਘ ਮਝੈਲ, ਜ: ਮੋਹਨ ਸਿੰਘ ਨਾਗੋਕੇ, ਗਿਆਨੀ ਕਰਤਾਰ ਸਿੰਘ, ਦਰਸ਼ਨ ਸਿੰਘ ਫੇਰੂਮਾਨ, ਹਰਚਰਨ ਸਿੰਘ ਹੁਡਿਆਲਾ, ਸੰਤ ਫਤਹਿ ਸਿੰਘ, ਸੰਤ ਚੰਨਣ ਸਿੰਘ, ਪ੍ਰੇਮ ਸਿੰਘ ਲਾਲਪੁਰਾ, ਜ: ਮੋਹਣ ਸਿੰਘ ਤੁੜ, ਜ: ਜਗਦੇਵ ਸਿੰਘ ਤਲਵੰਡੀ, ਜ: ਗੁਰਚਰਨ ਸਿੰਘ ਟੌਹੜਾ, ਸੰਤ ਹਰਚੰਦ ਸਿੰਘ ਲੌਂਗੋਵਾਲ, ਸ: ਆਤਮਾ ਸਿੰਘ, ਸ: ਪ੍ਰੀਤਮ ਸਿੰਘ ਗੋਜਰਾਂ, ਕਰਤਾਰ ਸਿੰਘ ਟੱਕਰ ਅਤੇ ਪ੍ਰਿੰਸੀਪਲ ਸਤਵੀਰ ਸਿੰਘ ਆਦਿ ਦੇ ਨਾਂ ਸ਼ਾਮਲ ਹਨ। ਇਸ ਸਮੇਂ ਅਕਾਲੀ ਦਲ ਦੇ ਬਰਨਾਲਾ ਧੜੇ ਦਾ ਸ਼੍ਰੋ: ਕਮੇਟੀ ਅਤੇ ਸਰਕਾਰ ਤੇ ਕਬਜ਼ਾ ਹੈ। ਇਨ੍ਹਾਂ ਦੇ ਸਾਰੇ ਵਿਰੋਧੀ ਧੜਿਆਂ ਨੂੰ ਇਹ ਗੱਲ ਕਦੀ ਵੀ ਬਰਦਾਸ਼ਤ ਨਹੀਂ ਹੁੰਦੀ ਕਿ ਸਾਰੀ ਦੀ ਸਾਰੀ ਰਾਜਨੀਤਕ ਸੱਤਾ ਇਕ ਧੜੇ ਪਾਸ ਹੀ ਰਹੇ। ਇਸ ਲਈ ਇਹ ਜ਼ਰੂਰੀ ਹੋ ਗਿਆ ਕਿ ਕਮਜ਼ੋਰ ਧੜੇ ਇਕੱਠੇ ਹੋ ਕੇ ਬਰਨਾਲਾ ਧੜੇ ਵਿਰੁਧ ਲੜਾਈ ਲੜਨ। ਇਨ੍ਹਾਂ ਦੀ ਬਣੀ ਨਵੀਂ ਰਾਜਨੀਤੀ ਅਨੁਸਾਰ ਸੰਯੁਕਤ ਦਲ ਅਤੇ ਬਾਦਲ ਦਲ ਦੋਵੇਂ ਅਕਾਲੀ ਦਲਾਂ ਨੇ ਸ਼੍ਰੋ: ਗੁ: ਪ੍ਰੰ: ਕਮੇਟੀ ਤੇ ਕਬਜ਼ਾ ਕਰਨ ਲਈ ਸਾਂਝੀ ਜੰਗ ਛੇੜਨ ਦਾ ਨਿਰਣਾ ਕੀਤਾ ਹੈ। ਇਸ ਲੜਾਈ ਨੂੰ ਲੜਨ ਲਈ ਬਾਬਾ ਜੋਗਿੰਦਰ ਸਿੰਘ, ਸ: ਪ੍ਰਕਾਸ਼ ਸਿੰਘ ਬਾਦਲ, ਜ: ਉਜਾਗਰ ਸਿੰਘ ਸੇਖਵਾਂ ਅਤੇ ਸ: ਆਤਮਾ ਸਿੰਘ ਵਿਚਕਾਰ ਤਕਰੀਬਨ 5-6 ਮੀਟਿੰਗਾਂ ਹੋ ਚੁਕੀਆਂ ਹਨ। ਬਾਬਾ ਜੋਗਿੰਦਰ ਸਿੰਘ ਤੇ ਉਨ੍ਹਾਂ ਦੇ ਸਹਿਯੋਗੀਆਂ ਵਿਸ਼ੇਸ਼ ਤੌਰ ਤੇ ਜ: ਸੇਖਵਾਂ ਵਲੋਂ ਇਹ ਸੁਝਾਓ ਦਿਤਾ ਗਿਆ ਹੈ ਕਿ ਸ਼੍ਰੋ: ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਨਵੰਬਰ ਮਹੀਨੇ ਵਿਚ ਹੋਣ ਵਾਲੀ ਚੋਣ ਤੋਂ ਪਹਿਲਾਂ ਦੋਵਾਂ ਅਕਾਲੀ ਦਲਾਂ ਦੀ ਏਕਤਾ ਕਰ ਲਈ ਜਾਵੇ ਅਤੇ ਜ: ਜਗਦੇਵ ਸਿੰਘ ਸਮੇਤ ਦੂਜੇ ਸੀਨੀਅਰ ਲੀਡਰਾਂ ਨੂੰ ਮਾਨਯੋਗ ਪੱਦਵੀਆਂ ਦਿਤੀਆਂ ਜਾਣ।

ਪਤਾ ਲੱਗਾ ਹੈ ਕਿ ਸ: ਬਾਦਲ ਗ੍ਰਿਫਤਾਰੀ ਤੋਂ ਪਹਿਲਾਂ ਹੋਈਆਂ ਮੀਟਿੰਗਾਂ ਵਿਚ ਵਕਾਰੀ ਏਕਤਾ ਲਈ ਸਹਿਮਤ ਹੋ ਗਏ ਸਨ। ਸੰਯੁਕਤ ਅਕਾਲੀ ਦਲ ਦੇ ਸਾਰੇ ਸੀਨੀਅਰ ਅਕਾਲੀ ਲੀਡਰਾਂ ਨੇ ਨਵੰਬਰ ਮਹੀਨੇ ਵਿਚ ਸ਼੍ਰੋ: ਕਮੇਟੀ ਦੀ ਪ੍ਰਧਾਨਗੀ ਚੋਣ ਲਈ ਸ: ਆਤਮਾ ਸਿੰਘ ਨੂੰ ਇਹ ਚੋਣ ਲੜਾਉਣ ਦਾ ਨਿਰਣਾ ਕੀਤਾ ਹੈ ਅਤੇ ਬਾਦਲ ਅਕਾਲੀ ਦਲ ਦੇ ਸ: ਬਾਦਲ ਸਮੇਤ ਦੂਜੇ ਸਾਰੇ ਸੀਨੀਅਰ ਲੀਡਰ ਕੈਪਟਨ ਅਮਰਿੰਦਰ ਸਿੰਘ, ਸ: ਰਵੀਇੰਦਰ ਸਿੰਘ ਤੋਂ ਛੁੱਟ ਡਾ: ਰਾਜਿੰਦਰ ਕੌਰ ਵੀ ਸ: ਆਤਮਾ ਸਿੰਘ ਦੇ ਪੱਖ ਵਿਚ ਹੈ। ਕਿਉਂਕਿ ਸ: ਆਤਮਾ ਸਿੰਘ ਡਾ: ਰਾਜਿੰਦਰ ਕੌਰ ਦੇ ਪਿਤਾ ਮਾਸਟਰ ਤਾਰਾ ਸਿੰਘ ਦੇ ਨਿਕਟਵਰਤੀ ਰਹੇ ਹਨ। ਇਸ ਲਈ ਉਨ੍ਹਾਂ ਦਾ ਸ: ਆਤਮਾ ਸਿੰਘ ਦੀ ਹਮਾਇਤ ਕਰਨਾ ਕੁਦਰਤੀ ਹੈ ਇਸ ਚੋਣ ਵਿਚ ਜ: ਟੌਹੜਾ ਕੀ ਨਿਰਨਾ ਲੈਂਦੇ ਹਨ ਇਹ ਸਮਾਂ ਹੀ ਦਸੇਗਾ। ਨਵੰਬਰ 1984 ਵਿਚ ਇਹੀ ਚੋਣ ਸ: ਆਤਮਾ ਸਿੰਘ ਨੇ ਜ: ਟੌਹੜਾ ਵਿਰੁਧ ਲੜੀ ਸੀ ਅਤੇ ਬੈਲਟ ਰਾਹੀਂ ਪਾਈਆਂ ਗਈਆਂ। 124 ਵੋਟਾਂ 'ਚੋਂ ਜ: ਟੌਹੜਾ ਨੂੰ 72 ਅਤੇ ਸ: ਆਤਮਾ ਸਿੰਘ ਨੂੰ 52 ਵੋਟ ਮਿਲੇ ਸਨ। ਅਜਿਹੀ ਸਥਿਤੀ ਵਿਚ ਜਦਕਿ ਜ: ਟੌਹੜਾ ਸ: ਬਾਦਲ ਨਾਲ ਇਕ ਕਿਸ਼ਤੀ ਵਿਚ ਸਵਾਰ ਹੋਣ ਤਾਂ ਇਨ੍ਹਾਂ ਦਾ ਸ: ਆਤਮਾ ਸਿੰਘ ਦੀ ਵਿਰੋਧਤਾ ਕਰਨਾ ਕਠਿਨ ਹੋਵੇਗਾ। ਜੇਕਰ ਜ: ਟੌਹੜਾ ਸ: ਆਤਮਾ ਸਿੰਘ ਦੀ ਹਮਾਇਤ ਕਰਦੇ ਹਨ ਤਾਂ ਵੀ ਅਤੇ ਜੇਕਰ ਨਹੀਂ ਕਰਦੇ ਤਾਂ ਵੀ ਉਨ੍ਹਾਂ ਦੇ ਰਾਜਸੀ ਜੀਵਨ ਨੂੰ ਧੱਕਾ ਲੱਗ ਸਕਦਾ ਹੈ। ਆਉਣ ਵਾਲੇ ਦੋ ਢਾਈ ਮਹੀਨਿਆਂ ਦੌਰਾਨ ਇਸ ਚੋਣ ਨੂੰ ਲੈ ਕੇ ਅਕਾਲੀ ਰਾਜਨੀਤੀ ਵਿਚ ਸਰਗਰਮੀਆਂ ਤੇਜ਼ ਹੋ ਜਾਣਗੀਆਂ। ਇਸੇ ਕਾਰਨ ਸ਼੍ਰੋ: ਕਮੇਟੀ ਦੇ ਮੈਂਬਰਾਂ ਦੀ ਕਦਰ ਕੀਮਤ ਵੀ ਵਧੇਗੀ। ਕਿਉਂਕਿ 1986 ਦੇ ਆਲ ਇੰਡੀਆ ਗੁਰਦੁਆਰਾ ਐਕਟ ਨੂੰ ਪਾਰਲੀਮੈਂਟ ਵਿਚ ਪੇਸ਼ ਕਰਨ ਦੀ ਸੰਭਾਵਨਾਵਾਂ ਅਜੇ ਤੱਕ ਉਜਾਗਰ ਨਹੀਂ ਹੋਈਆਂ। ਇਸ ਕਾਰਨ ਮੌਜੂਦਾ ਸ਼੍ਰੋ: ਕਮੇਟੀ ਦੇ ਕਾਇਮ ਰਹਿਣ ਦੀ ਸੰਭਾਵਨਾ ਹੈ। ਜੇਕਰ ਆਲ ਇੰਡੀਆ ਗੁਰਦੁਆਰਾ ਐਕਟ ਪਾਰਲੀਮੈਂਟ ਵਿਚ ਪੇਸ਼ ਕਰ ਦਿਤਾ ਵੀ ਗਿਆ ਤਾਂ ਵੀ ਬਾਦਲ ਅਤੇ ਸੰਯੁਕਤ ਅਕਾਲੀ ਦਲ ਸ਼੍ਰੋ: ਗੁ: ਪ੍ਰੰ: ਕਮੇਟੀ ਦੇ ਮੌਜੂਦਾ ਮੈਂਬਰਾਂ ਦੀ ਹਮਾਇਤ ਨਾਲ ਸ਼੍ਰੋ: ਕਮੇਟੀ ਤੇ ਕਬਜ਼ਾ ਕਰਨ ਦੇ ਯਤਨ ਕਰਨਗੇ।

* * * *

ਜ਼ਿਲਾ ਅੰਮ੍ਰਿਤਸਰ ਦਾ ਬਿਆਸ ਵਿਧਾਨ ਸਭਾ ਹਲਕਾ ਉਹ ਹੈ ਜਿਥੇ ਸੀਨੀਅਰ ਅਕਾਲੀ ਨੇਤਾ ਜਥੇਦਾਰ ਉਮਰਾਨੰਗਲ ਨੇ ਆਪ ਇਹ ਚੋਣ 1977 ਅਤੇ 1980 ਵਿਚ ਲੜ ਕੇ ਜਿੱਤ ਪ੍ਰਾਪਤ ਕੀਤੀ ਪਰ 1985 ਦੀਆਂ ਵਿਧਾਨ ਸਭਾ ਚੋਣਾਂ ਵਿਚ ਉਨ੍ਹਾਂ ਦਾ ਸਪੁਤਰ ਇਹ ਚੋਣ ਹਾਰ ਗਿਆ ਅਤੇ ਕਾਂਗਰਸ ਆਈ ਦਾ ਉਮੀਦਵਾਰ ਸੁਰਿੰਦਰ ਸਿੰਘ ਇਹ ਚੋਣ ਜਿੱਤ ਗਿਆ। ਕੁਝ ਮਹੀਨੇ ਪਹਿਲਾਂ ਕਾਂਗਰਸ ਆਈ ਦੇ ਵਿਧਾਇਕ ਦੀ ਕਥਿਤ ਅਤਿਵਾਦੀਆਂ ਹੱਥੋਂ ਹੱਤਿਆ ਕੀਤੇ ਜਾਣ ਤੇ ਇਹ ਸੀਟ ਖਾਲੀ ਹੋ ਗਈ। ਜਿਸ ਦੀ ਜਿਮਨੀ ਚੋਣ ਲਈ ਸਰਕਾਰੀ ਤਿਆਰੀਆਂ ਅਜੇ ਵੇਖਣ ਵਿਚ ਤਾਂ ਨਹੀਂ ਆਈਆਂ ਪਰ ਰਾਜਸੀ ਪਾਰਟੀਆਂ ਨੇ ਆਪਣੇ ਹੀਲੇ ਆਰੰਭ ਕਰ ਦਿਤੇ ਹਨ। ਸ: ਸਿਮਰਨਜੀਤ ਸਿੰਘ ਮਾਨ ਜੋ ਸੰਯੁਕਤ ਅਕਾਲੀ ਦਲ ਦੇ ਕਨਵੀਨਰ ਹਨ, ਜੋ ਅਜੇ ਤੱਕ ਜੇਲ੍ਹ ਵਿਚ ਹਨ, ਇਹ ਚੋਣ ਲੜਨ ਦਾ ਉਨ੍ਹਾਂ ਦਾ ਜੇਲ੍ਹ 'ਚ ਕੈਦ ਦੌਰਾਨ ਦੂਜਾ ਮੌਕਾ ਹੈ। ਬਾਦਲ ਅਕਾਲੀ ਦਲ ਨੇ ਸ: ਸਿਮਰਨਜੀਤ ਸਿੰਘ ਮਾਨ ਨੂੰ ਰਾਜ ਸਭਾ ਦੀ ਚੋਣ ਲੜਨ ਲਈ ਨਾਮਜ਼ਦ ਕੀਤਾ ਸੀ ਪਰ ਅਕਾਲੀ ਵਿਧਾਇਕਾਂ ਦੇ ਧੜਿਆਂ ਵਿਚ ਵੰਡੇ ਜਾਣ ਕਾਰਨ ਸ: ਮਾਨ ਇਹ ਚੋਣ ਹਾਰ ਗਏ। ਇਹ ਕੋਈ ਜਨਤਾ ਦਾ ਫਤਵਾ ਨਹੀਂ ਸੀ ਸਗੋਂ ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧਾਂ ਨੇ ਇਨ੍ਹਾਂ ਨੂੰ ਚੁਨਣਾ ਸੀ। ਬਾਦਲ ਅਤੇ ਸੰਯੁਕਤ ਅਕਾਲੀ ਦਲ ਸਾਂਝੇ ਤੌਰ ਤੇ ਸ: ਮਾਨ ਨੂੰ ਬਿਆਸ ਵਿਧਾਨ ਸਭਾ ਹਲਕੇ ਤੋਂ ਇਹ ਚੋਣ ਲੜਾਉਣ ਦਾ ਨਿਰਣਾ ਲੈ ਚੁਕੇ ਹਨ। ਦੋਵੇਂ ਅਕਾਲੀ ਦਲ ਆਪਣੇ ਆਪ ਨੂੰ ਇਸ ਚੋਣ ਦੀ ਪ੍ਰੀਖਿਆ ਵਿਚ ਪਾ ਕੇ ਇਹ ਅਨੁਮਾਨ ਲਾਉਣਾ ਚਾਹੁੰਦੇ ਹਨ ਕਿ ਸਿੱਖਾਂ ਵਿਚ ਉਹ ਕਿੰਨੇ ਲੋਕਪ੍ਰੀਯ ਹਨ। ਇਸੇ ਲਈ ਉਹ ਇਹ ਵੱਡੀ ਪ੍ਰੀਖਿਆ ਲਈ ਇਕ ਸ਼ਕਤੀਸ਼ਾਲੀ ਲੀਡਰ ਨੂੰ ਜਿਸ ਪਿਛੇ ਕਈ ਪ੍ਰਕਾਰ ਦੀਆਂ ਤਾਕਤਾਂ ਕੰਮ ਕਰ ਰਹੀਆਂ ਹਨ ਲੜਾ ਕੇ ਸਫਲ ਤਜਰਬਾ ਕਰਨਾ ਚਾਹੁੰਦੇ ਹਨ। ਸ: ਬਾਦਲ ਅਤੇ ਜ: ਟੌਹੜਾ ਦੀ ਰਿਹਾਈ ਪਿਛੋਂ ਸੰਯੁਕਤ ਅਤੇ ਬਾਦਲ ਅਕਾਲੀ ਦਲ ਦੋਵਾਂ ਦਾ ਸਮਝੌਤਾ ਹੋ ਕੇ ਇਕ ਹੋ ਜਾਣ ਦੀ ਸੰਭਾਵਨਾ ਹੈ। ਬਾਬਾ ਜੋਗਿੰਦਰ ਸਿੰਘ ਨਵੇਂ ਅਕਾਲੀ ਦਲ ਦੇ ਸਰਪ੍ਰਸਤ ਹੋਣਗੇ ਅਤੇ ਸ: ਮਾਨ ਦੀ ਗੈਰ ਹਾਜ਼ਰੀ ਵਿਚ ਸ: ਬਾਦਲ ਨਵੇਂ ਬਣਨ ਵਾਲੇ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਦੀਆਂ ਸੇਵਾਵਾਂ ਨਿਭਾਉਣਗੇ। ਕੈਪਟਨ ਅਮਰਿੰਦਰ ਸਿੰਘ ਨੂੰ ਪਹਿਲਾਂ ਵਾਂਗ ਅਕਾਲੀ ਵਿਧਾਇਕ ਦਲ ਦਾ ਲੀਡਰ ਮੰਨਿਆ ਜਾਵੇਗਾ। ਦੋ ਸੀਨੀਅਰ ਅਕਾਲੀ ਨੇਤਾਵਾਂ ਜ: ਤਲਵੰਡੀ ਅਤੇ ਟੌਹੜਾ ਨੂੰ ਵੀ ਮੁਖ ਪਦਵੀਆਂ ਤੇ ਐਡਜਸਟ ਕੀਤਾ ਜਾਵੇਗਾ।

* * * *

ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁਲ ਮੈਂਬਰਾਂ ਦੀ ਗਿਣਤੀ 51 ਸੀ ਪਰ ਜ: ਸੰਤੋਖ ਸਿੰਘ, ਸੋਹਣ ਸਿੰਘ ਸੰਧੂ, ਹਰਬੰਸ ਸਿੰਘ ਮਨਚੰਦਾ ਅਤੇ ਜਸਵੰਤ ਸਿੰਘ ਸਾਹਿਬ ਪੁਰਾਂ ਆਦਿ ਦੀ ਮੌਤਾਂ ਕਾਰਨ ਘੱਟ ਕੇ ਗਿਣਤੀ 46 ਰਹਿ ਗਈ ਹੈ। ਸਾਲ 1982 ਤੋਂ ਲੈ ਕੇ ਹੁਣ ਤੱਕ ਅਹੁਦੇਦਾਰਾਂ ਦੀ ਵਾਰਸ਼ਿਕ ਚੋਣ ਹੀ ਨਹੀਂ ਕੀਤੀ ਗਈ ਅਤੇ 1982 ਤੋਂ ਲੈ ਕੇ ਹੁਣ ਤੱਕ ਅੰਤਰਿਮ ਕਮੇਟੀ ਦੀ ਮੀਟਿੰਗ ਵੀ ਨਹੀਂ ਬੁਲਾਈ ਗਈ। ਵੋਟਾਂ ਰਾਹੀਂ ਚੁਣੀ ਗਈ ਕਿਸੇ ਵੀ ਧਾਰਮਿਕ ਸੰਸਥਾ ਜਾਂ ਸਿਆਸੀ ਬਾਡੀ ਦਾ ਵਿਧਾਨ ਅਨੁਸਾਰ ਕੰਮ ਕਰਨਾ ਜ਼ਰੂਰੀ ਹੁੰਦਾ ਹੈ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਕ ਸੀਨੀਅਰ ਮੈਂਬਰ ਨੇ ਮੈਨੂੰ ਦੱਸਿਆ ਕਿ ਇਥੇ ਤਾਂ ਪੌਣੇ ਚਾਰ ਸਾਲ ਦੇ ਸਮੇਂ ਤੋਂ ਡਿਕਟੇਟਰਸ਼ਿਪ ਚਲ ਰਹੀ ਹੈ ਅਤੇ ਚਾਰ ਕਰੋੜ ਰੁਪਏ ਦੇ ਵਾਰਸ਼ਿਕ ਬਜਟ ਦੇ ਹਿਸਾਬ ਨਾਲ ਹੁਣ ਤੱਕ 12 ਕਰੋੜ ਰੁਪਏ ਦਾ ਕੋਈ ਹਿਸਾਬ ਨਹੀਂ। ਦਿੱਲੀ ਗੁਰਦੁਆਰਾ ਕਮੇਟੀ ਬਿਨਾਂ ਬਜਟ ਬਣਾਏ ਖਰਚ ਕਰਦੀ ਚਲੀ ਆ ਰਹੀ ਹੈ। ਸਚਾਈ ਤਾਂ ਇਹ ਹੈ ਕਿ ਦੇਸ਼ ਦੀ ਰਾਜਨੀਤੀ ਵਿਚ ਸਿੱਖ ਵੋਟਰਾਂ ਦੀਆਂ ਵੋਟਾਂ ਨਾਲ ਚੁਣੀ ਗਈ ਇਸ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਨਿੱਜੀ ਰੂਪ ਵਿਚ ਇਸ ਦੇ ਦੋ ਅਹੁਦੇਦਾਰ ਸ: ਜਸਵੰਤ ਸਿੰਘ ਕਾਲਕਾ ਜੀ ਅਤੇ ਮਾਸਟਰ ਸੁਚਾ ਸਿੰਘ ਕਰਮਵਾਰ ਪ੍ਰਧਾਨ ਅਤੇ ਜਨਰਲ ਸਕੱਤਰ ਚਲੇ ਆ ਰਹੇ ਹਨ। ਪੰਜਾਬ ਵਿਚ ਅਕਾਲੀ ਸਰਕਾਰ ਦੀ ਸਥਾਪਨਾ ਤੋਂ ਪਹਿਲਾਂ ਇਸ ਕਮੇਟੀ ਤੇ ਮਾਸਟਰ ਤਾਰਾ ਸਿੰਘ ਅਕਾਲੀ ਦਲ ਦਾ ਕਬਜ਼ਾ ਸੀ ਅਤੇ ਘੱਟ ਗਿਣਤੀ ਵਿਚ ਹੋਣ ਦੇ ਬਾਵਜੂਦ ਵੀ ਇਹ ਧੜਾ ਹਾਵੀ ਸੀ, ਕਿਉਂਕਿ ਸੰਤ ਅਕਾਲੀ ਦਲ ਦੇ ਮੈਂਬਰ ਧੜਿਆਂ ਵਿਚ ਵੰਡੇ ਹੋਏ ਸਨ। ਇਸ ਸਮੇਂ ਕੁਲ 46 ਮੈਂਬਰਾਂ 'ਚੋਂ 12 ਮੈਂਬਰਾਂ ਦਾ ਸਬੰਧ ਮਾਸਟਰ ਅਕਾਲੀ ਦਲ ਨਾਲ, 34 ਮੈਂਬਰ ਸੰਤ ਅਕਾਲੀ ਦਲ ਨਾਲ ਸਨ ਪਰ ਜਦ ਤੋਂ ਬਾਦਲ ਅਕਾਲੀ ਦਲ ਦੀ ਸਥਾਪਨਾ ਹੋਈ ਹੈ ਅੱਠ ਮੈਂਬਰ ਉਸ ਧੜੇ ਨਾਲ ਚਲੇ ਗਏ ਹਨ ਅਤੇ ਇਸ ਤਰ੍ਹਾਂ ਲੌਂਗੋਵਾਲ ਧੜੇ ਦੀ ਗਿਣਤੀ ਘੱਟ ਕੇ 26 ਰਹਿ ਗਈ ਹੈ। ਬਰਨਾਲਾ ਧੜੇ ਦੇ ਕਈ ਮੈਂਬਰਾਂ ਨੇ ਮੈਨੂੰ ਦੱਸਿਆ ਕਿ ਸੰਤ ਅਕਾਲੀ ਦਲ ਦੇ ਦੋਫਾੜ ਹੋਣ ਤੋਂ ਪਹਿਲਾਂ ਉਨ੍ਹਾਂ ਨੇ ਸ: ਬਰਨਾਲਾ ਨੂੰ ਕਿਹਾ ਸੀ ਕਿਉਂਕਿ ਉਨ੍ਹਾਂ ਦਾ ਧੜਾ ਬਹੁ ਗਿਣਤੀ ਵਿਚ ਹੈ ਇਸ ਲਈ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਕਰਵਾਈ ਜਾਵੇ। ਪਰ ਹੋਇਆ ਇਹ ਕਿ ਇਸ ਮੰਗ ਦਾ ਪਤਾ ਲਗਦਿਆਂ ਹੀ ਕਮੇਟੀ ਦੇ ਪ੍ਰਧਾਨ ਸ੍ਰੀ ਕਾਲਕਾ ਜੀ ਅਤੇ ਮਾਸਟਰ ਸੁਚਾ ਸਿੰਘ ਪੰਜਾਬ ਭਵਨ ਦਿੱਲੀ ਵਿਚ ਸ: ਬਰਨਾਲਾ ਨੂੰ ਮਿਲੇ ਤੇ ਜ਼ਬਾਨੀ ਸੰਤ ਅਕਾਲੀ ਦਲ ਵਿਚ ਸ਼ਾਂਮਲ ਹੋ ਗਏੇਂ ਹਾਲਾਂ ਕਿ ਕਮੇਟੀ ਦੇ 28 ਮੈਂਬਰਾਂ ਨੇ ਸ: ਪ੍ਰਮਜੀਤ ਸਿੰਘ ਸਰਨਾ, ਪ੍ਰੋ: ਜਸਪਾਲ ਸਿੰਘ, ਅਵਤਾਰ ਸਿੰਘ ਆਟੋਪਿੰਨ, ਰਾਜਾ ਇੰਦਰ ਸਿੰਘ, ਚੌਧਰੀ ਬਸੰਤ ਸਿੰਘ ਦੀ ਅਗਵਾਈ ਵਿਚ ਸ: ਬਰਨਾਲਾ ਨੂੰ ਦਸਤਖਤ ਕਰਕੇ ਦਿਤੇ ਸਨ ਅਤੇ ਸੰਤ ਅਕਾਲੀ ਦਲ ਦਾ ਪ੍ਰਧਾਨ ਹੋਣ ਦੇ ਨਾਤੇ ਉਨ੍ਹਾਂ ਤੋਂ ਮੰਗ ਕੀਤੀ ਸੀ ਕਿ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਅਹੁਦੇਦਾਰਾਂ ਦੀ ਚੋਣ ਕਰਵਾਈ ਜਾਵੇ। ਦਿੱਲੀ ਦੇ ਵਧੇਰੇ ਅਕਾਲੀ ਲੀਡਰ ਹੁਣ ਵੀ ਸ: ਕਾਲਕਾ ਜੀ ਅਤੇ ਮਾਸਟਰ ਸੁਚਾ ਸਿੰਘ ਦੀ ਵਫਾਦਾਰੀ ਤੇ ਸ਼ੱਕ ਕਰਦੇ ਹੋਏ ਦੋਸ਼ ਲਾਉਂਦੇ ਹਨ ਕਿ ਉਹ ਕਦੀ ਵੀ ਸ: ਬਰਨਾਲਾ ਦੇ ਵਫਾਦਾਰ ਨਹੀਂ ਰਹਿ ਸਕਦੇ। ਸਗੋਂ ਇਹ ਸੰਤ ਅਕਾਲੀ ਦਲ ਵਿਚ ਦਿੱਲੀ ਦੇ ਗੁਰਦੁਆਰਿਆਂ ਤੇ ਅਣ ਵਿਧਾਨਕ ਕਬਜ਼ਾ ਬਹਾਲ ਰੱਖਣ ਲਈ ਸ਼ਾਮਲ ਹੋਏ ਹਨ। ਕਮੇਟੀ ਦੇ ਮੈਂਬਰਾਂ ਦੀ ਬਹੁ ਗਿਣਤੀ ਨੂੰ ਇਹ ਇਤਰਾਜ਼ ਹੈ ਕਿ ਦਿੱਲੀ ਗੁਰਦੁਆਰਾ ਕਮੇਟੀ ਦਾ ਖਰਚਾ ਬਿਨਾਂ ਬਜਟ ਤਿਆਰ ਕੀਤੇ ਅਤੇ ਐਗਜ਼ੈਕਟਿਵ ਕਮੇਟੀ ਦੀ ਪ੍ਰਵਾਨਗੀ ਤੋਂ ਬਿਨਾਂ ਮਨ ਮਰਜ਼ੀ ਨਾਲ ਕੀਤਾ ਜਾ ਰਿਹਾ ਹੈ। ਇਸ ਕਮੇਟੀ ਅਧੀਨ ਬਹੁਤ ਸਾਰੀਆਂ ਵਿਦਿਅਕ ਸੰਸਥਾਵਾਂ ਜਿਨ੍ਹਾਂ ਵਿਚ ਕਾਲਜ, ਸਕੂਲ ਅਤੇ ਪਬਲਿਕ ਸਕੂਲ ਵੀ ਸ਼ਾਮਲ ਹਨ, ਦਾ ਪ੍ਰਬੰਧ ਨਾਕਸ

ਬਾਕੀ ਪੰਨਾ 13 ਉਤੇ

ਸਿਆਸੀ ਘਰੂਟ — ਘਰੂਟਾਂ ਵਾਲੇ ਦੀ ਕਲਮ ਤੋਂ

- ਕੋਹਾੜ ਦੀ ਨਿਸ਼ਾਨਦੇਹੀ ਤੇ ਅਸਲਾ ਫੜਿਆ !

— ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ !

- ਕਾਲਾ ਦਿਨ ਮਨਾਇਆ ਗਿਆ

— ਜੇਲ੍ਹ ਵਿਚ ਬੈਠਿਆਂ ਨੇ ਹੀ ?

- ਜਨਰਲ ਵੈਦਿਆ ਦੇ ਕਾਤਲ ਪਹਿਚਾਣ ਲਏ !

- ਪਹਿਚਾਣੇ ਛੱਡ ਕੇ ਇੰਗਲੈਂਡ ਦੇ ਪਾਸਪੋਰਟਾਂ ਸਮੇਤ ਫੜੇ ਗਏ। ਅਸਲ ਛੁਪੇ ਕਾਤਲ ਵੀ ਛੇਤੀ ਹੀ ਪਹਿਚਾਣੇ ਜਾਣਗੇ।

- ਬਾਦਲ - ਬਰਨਾਲਾ ਡੋਗਰੇ ਗ਼ਦਾਰ

— ਟੌਹੜਾ, ਸੁਖਜਿੰਦਰ, ਅਮਰਿੰਦਰ, ਰਵੀਇੰਦਰ ਬਾਰੇ ਕੀ ਖਿਆਲ ਹੈ ?

- ਆਪਣੇ ਹੀ ਪ੍ਰਵਾਰ ਦੇ 13 ਵਿਅਕਤੀ ਕਤਲ

— ਕੁਝ ਲੋਕਾਂ ਨੂੰ ਆਪਣੇ ਹੀ ਪ੍ਰਵਾਰ ਦੇ ਹਜ਼ਾਰਾਂ ਕਤਲ ਕਰਵਾ ਕੇ ਵੀ ਅਜੇ ਤਸੱਲੀ ਨਹੀਂ ਹੋਈ !

- ਵਫਾਦਾਰੀ ਪਰਖਦਿਆਂ ਬੰਦੇ ਫੱਟੜ ਕਰ ਸੁੱਟੇ

— ਤੇ ਵਫਾਦਾਰੀ ਫੌਜਦਾਰੀ ਬਣ ਗਈ !

- ਲੈਫਟੀਨੈਂਟ ਕਰਨਲ ਕਾਹਲੋਂ ਦਾ ਰੀਮਾਂਡ

— ਪੁਸ਼ਤਾਂ ਤੱਕ ਕਾਂਗਰਸੀ ਰਹਿਣ ਵਾਲੇ ਦਾ ਅਸਲੀ ਰੰਗ ਉਘੜ ਗਿਆ !

- ਵੈਦਿਆ ਤੋਂ ਪਿਛੋਂ ਪੱਤਰਕਾਰ ?

— ਇੰਗਲੈਂਡ ਵਾਲਿਆਂ ਨੇ 'ਟਾਰਗਟ' ਵਧੀਆ ਚੁਣਿਆ ਹੈ।

- ਐਵਾਰਡਾਂ ਦੀ ਭਰਮਾਰ

— ਕੋਈ ਹੋਰ ਬਚਿਆ ਖੁਚਿਆ ਤਾਂ ਨਹੀਂ ਰਹਿ ਗਿਆ ?

- ਵਹਿਸ਼ੀਆਨਾ ਕਤਲ

— ਕਤਲ ਪਿਆਰਿਓ ਹਮੇਸ਼ਾਂ ਹੀ ਵਹਿਸ਼ੀ ਕਰਦੇ ਹਨ !

- ਅਤਿਵਾਦੀ ਖਤਮ ਕਰ ਦਿਆਂਗੇ — ਰਾਜੀਵ

— ਕਾਹਲੋਂ ਵਰਗੇ ਕਾਂਗਰਸੀਆਂ ਦਾ ਕੀ ਕਰੋਗੇ ?

- 45 ਲੱਖ ਖਰਚਣਗੇ!

— ਫੇਰ ਤੁਸੀਂ ਕੱਛਾਂ ਵਜਾਓ ਤੇ ਢੋਲੇ ਦੇ ਗੀਤ ਗਾਓ !

- ਦਾਤਾ ਦਾਨ ਕਰੇ ....

— ਤੇ ਤੁਸੀਂ ਛਕਦੇ ਜਾਓ ਪਿਆਰਿਓ !

- ਰਾਜਨੀਤਕ ਸੂਝ ਦੀ ਘਾਟ

— ਕਦ ਤੋਂ ਮਹਿਸੂਸ ਹੋਣ ਲੱਗ ਪਈ ?

- ਗਰੈਂਡ ਓਪਨਿੰਗ ਸੇਲ

— ਰੀਫੀਊਜ਼ੀ ਲਿਆਉਣ ਦੀ ਲਾ ਰਹੇ ਹੋ ?

- ਕਲਮਾਂ ਵਾਲਿਓ ਕਵੀਓ ਪੱਤਰਕਾਰੋ ...... ਗਿਆਨੀ ਜੰਗ ਸਿੰਘ

— ਤੁਸੀਂ ਗਿਆਨੀ ਜੀ ਆਪ ਹੀ ਤਾਂ ਜੁਆਬ ਦੇ ਦਿਤਾ ਹੈ — 'ਉਸ ਤੇ ਤੇਲ ਨਾ ਪਾਓ ਫੂਕਾਂ ਨਾ ਮਾਰੋ'

ਐਨ. ਡੀ. ਪੀ. ਦੀ ਰੇਸ ਰੀਲੇਸ਼ਨਜ਼ ਤੇ ਹਿਊਮਨ ਰਾਈਟਸ ਤੇ ਟਾਸਕ ਫੋਰਸ ਦੀ ਰੀਪੋਰਟ

ਚਰਨਪਾਲ ਗਿੱਲ



ਐਨ. ਡੀ. ਪੀ. ਦੇ ਮੈਂਬਰਾਂ ਦੇ ਮੱਤੇ ਅਨੁਕੂਲ ਉਪਰਲੀ ਟਾਸਕ ਫੋਰਸ ਤਿਆਰ ਕੀਤੀ ਗਈ। ਇਸ ਵਿਚ ਐਮਰੀ ਬਾਰਨਜ਼ ਐਮ. ਐਲ. ਏ., ਰੋਜ਼ ਮੇਰੀ ਬਰਾਊਨ ਐਮ. ਐਲ. ਏ., ਰੀਨਾਟਾ ਸ਼ੀਅਰਜ਼, ਐਕਸ ਹਿਊਮਨ ਰਾਈਟਸ ਕਮਿਸ਼ਨਰ, ਅਜ਼ੀਜ਼ ਖਾਕੀ, ਮਿਚੀਕੋ ਲੈਂਬਰਟਸਨ ਤੇ ਇਕ ਦਾਸ ਨੂੰ ਨਿਯੁਕਤ ਕੀਤਾ ਗਿਆ। ਇਹ ਟਾਸਕ ਫੋਰਸ ਨੇ ਸਾਰੇ ਬੀ. ਸੀ. ਵਿਚ ਜਾ ਕੇ ਲੋਕਾਂ ਦੀਆਂ ਤਕਲੀਫਾਂ ਸੁਣੀਆਂ। ਇਸ ਵਿਚ ਸਾਰੀਆਂ ਘੱਟ ਗਿਣਤੀਆਂ ਨੇ ਭਾਗ ਲਿਆ। ਖਾਸ ਕਰਕੇ ਆਦਿ ਵਾਸੀ, ਜਾਪਾਨੀ, ਚੀਨੇ, ਮਜ਼ਦੂਰ ਜਮਾਤਾਂ ਤੇ ਹੋਰ ਘੱਟ ਗਿਣਤੀਆਂ ਦੇ ਲੋਕਾਂ ਨੇ ਭਾਗ ਲਿਆ। ਭਾਰਤੀ ਕਮਿਊਨਿਟੀ ਨੂੰ ਨਸਲਵਾਦ ਦੀ ਸਭ ਤੋਂ ਵੱਧ ਤਕਲੀਫ ਹੈ। ਪਰ ਅਫਸੋਸ ਹੈ ਕਿ ਸਾਰਿਆਂ ਨੂੰ ਚਿੱਠੀਆਂ ਪਾਉਣ ਤੇ ਭੀ ਸਿਰਫ ਤਿੰਨ ਜਥੇਬੰਦੀਆਂ ਨੇ ਭਾਗ ਲਿਆ। ਉਹ ਸਨ, ਪਿਕਸ ਸੁਸਾਇਟੀ, ਫਾਰਮ ਵਰਕਰਜ਼ ਤੇ ਬੀ. ਸੀ. ਸੰਘਰਸ਼ ਸੰਮਤੀ। ਇਹ ਇਕ ਬੜਾ ਸੁਨਿਹਰੀ ਮੌਕਾ ਸੀ ਜੋ ਹਥੋਂ ਗਵਾ ਲਿਆ ਗਿਆ।

ਬਾਬ ਸਕੈਲੀ, ਐਨ. ਡੀ. ਪੀ. ਲੀਡਰ ਨੇ ਇਹ ਟਾਸਕ ਫੋਰਸ ਦੀ ਪੜਤਾਲ ਨਿਕੋਈ ਦੀ ਮੀਟਿੰਗ ਤੇ ਪਬਲਿਕ ਕਰਕੇ ਭਾਰਤੀ ਕਮਿਊਨਿਟੀ ਨੂੰ ਇਕ ਬੜਾ ਮਾਨ ਬਖਸ਼ਿਆ ਹੈ। ਜੇ ਇਹ ਟਾਸਕ ਫੋਰਸ ਦੀਆਂ ਸਿਫਾਰਸ਼ਾਂ ਐਨ. ਡੀ. ਪੀ. ਮੰਨ ਜਾਵੇ ਤਾਂ ਇਸਨੂੰ ਲਾਗੂ ਕਰਨ ਲਈ ਐਨ. ਡੀ. ਪੀ. ਦੀ ਜਿੰਮੇਂਵਾਰੀ ਹੋਵੇਗੀ। ਇਨ੍ਹਾਂ ਸਿਫਾਰਸ਼ਾਂ ਨਾਲ ਘੱਟ ਗਿਣਤੀ ਲੋਕਾਂ ਦੀ ਬਹੁਤ ਹਿਫਾਜ਼ਤ ਵਧੇਗੀ। ਜੇ ਇਹ ਸਿਫਾਰਸ਼ਾਂ ਕਾਨੂੰਨ ਬਣ ਜਾਣ ਤਾਂ ਕਾਲੇ ਲੋਕਾਂ ਤੇ ਗਰੀਬ ਮਜ਼ਦੂਰਾਂ ਨੂੰ ਬਹੁਤ ਹੀ ਫਾਇਦਾ ਹੋਵੇਗਾ। ਇਸ ਟਾਸਕ ਫੋਰਸ ਦੇ ਸਾਹਮਣੇ 50 ਗਰੁਪਾਂ ਤੇ ਅਠਾਰਾਂ ਵਿਅਕਤੀਆਂ ਨੇ ਬਰੀਫ ਪੇਸ਼ ਕੀਤੇ। ਇਨ੍ਹਾਂ ਸਾਰਿਆਂ ਦਾ ਨਿਚੋੜ ਇਸ ਰਿਪੋਰਟ ਵਿਚ ਹੈ।

ਵੱਡੇ ਸਵਾਲ ਇਹ ਸਨ —

1. ਕਿਹੋ ਜਿਹੇ ਢੰਗ ਵਰਤੇ ਜਾਣ ਜਿਸ ਨਾਲ ਹਰ ਜਾਤੀਆਂ ਦਾ ਆਪਸ ਵਿਚ ਚੰਗੇਰਾ ਤੁਅੱਲਕ ਵਧੇ।
2. ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਲਈ ਕੀ ਕੀਤਾ ਜਾਵੇ ਤਾਂਕਿ ਉਹ ਮਾਨ ਤੇ ਇਜ਼ਤ ਨਾਲ ਆਪਦੀ ਜ਼ਿੰਦਗੀ ਬਸਰ ਕਰ ਸਕਣ।

ਇਸਦਾ ਸਾਰ ਅੰਸ਼ ਤੇ ਸਿਫਾਰਸ਼ਾਂ ਤਿੰਨ ਵੱਡੇ ਹਿਸਿਆਂ ਵਿਚ ਵੰਡੀਆਂ ਜਾ ਸਕਦੀਆਂ ਹਨ। ਵਿਦਿਆ, ਹਿਊਮਨ ਰਾਈਟਸ ਤੇ ਰੇਸ ਰੀਲੇਸ਼ਨਜ਼। ਕੁਲ ਸਿਫਾਰਸ਼ਾਂ ਪੰਜਾਹ ਕੁ ਦੇ ਨੇੜ ਹਨ। ਇਹ ਸਿਫਾਰਸ਼ਾਂ ਬੜੀਆਂ ਵਧੀਆਂ ਹਨ ਪਰ ਇਨ੍ਹਾਂ ਨੂੰ ਲਾਗੂ ਕਰਨਾ ਕੋਈ ਸੁਖਾਲਾ ਨਹੀਂ ਹੋਵੇਗਾ ਕਿਉਂਕਿ ਨਸਲੀ ਗੋਰਿਆਂ ਨੇ ਬਹੁਤ ਹੀ ਸ਼ੋਰ ਮਚਾਉਣਾ ਹੈ ਜਦ ਇਹ ਗੱਲ ਜ਼ਾਹਿਰ ਹੋ ਗਈ ਕਿ ਐਨ. ਡੀ. ਪੀ. ਘੱਟ ਗਿਣਤੀ ਲੋਕਾਂ ਨੂੰ ਤਰਜੀਹ ਦੇ ਰਹੀ ਹੈ। ਇਸ ਨੂੰ ਲਾਗੂ ਕਰਨ ਦੀ ਸਕੀਮ ਇਸ ਤਰ੍ਹਾਂ ਹੈ। ਸਭ ਤੋਂ ਪਹਿਲੋਂ ਇਹ ਸਿਫਾਰਸ਼ਾਂ ਐਨ. ਡੀ. ਪੀ. ਕਨਵੈਨਸ਼ਨ ਤੇ ਡੈਲੀਗੇਟਾਂ ਵਲੋਂ ਪਾਸ ਹੋਣ। ਇਹ ਤਾਂ ਹੋ ਸਕਦਾ ਹੈ ਜੇ ਘੱਟ ਗਿਣਤੀ ਦੇ ਲੋਕ ਵੱਧ ਚੜ੍ਹ ਕੇ ਕਨਵੈਨਸ਼ਨ ਤੇ ਪਹੁੰਚਣ ਤੇ ਦੂਸਰੇ ਡੈਲੀਗੇਟਾਂ ਨੂੰ ਜ਼ੋਰ ਪਾਉਣ ਕਿ ਇਸ ਨੂੰ ਪਾਸ ਕਰਨ ਵਿਚ ਮਦਦ ਕਰੋ। ਇਹ ਯਾਦ ਰੱਖਣ ਵਾਲੀ ਗੱਲ ਹੈ ਹਰ ਪਾਰਟੀ ਵਿਚ ਲੋਕ ਖੁਦਗਰਜ਼ ਤੇ ਨਸਲਵਾਦੀ ਹਨ — ਕਿਸੇ ਵਿਚ ਘੱਟ ਤੇ ਕਿਸੇ ਵਿਚ ਵੱਧ।

ਪਾਰਟੀ ਦੇ ਲੋਕ ਉਨਾ ਚਿਰ ਤੁਹਾਨੂੰ ਚੰਗਾ ਸਮਝਣਗੇ ਜਿੰਨਾ ਚਿਰ ਇਨ੍ਹਾਂ

(ਬਾਕੀ ਪੰਨਾ 14 ਉਤੇ)

ਪੰਨਾ 12 ਦੀ ਬਾਕੀ

ਹੈ। ਕਈ ਸਕੂਲਾਂ ਦੇ ਸਟਾਫ ਨੂੰ ਬੀਤੇ ਤਿੰਨ ਮਹੀਨਿਆਂ ਤੋਂ ਤਨਖਾਹਾਂ ਨਹੀਂ ਦਿੱਤੀਆਂ ਗਈਆਂ। ਦਿੱਲੀ ਦੇ ਮੈਂਬਰ ਕਹਿੰਦੇ ਹਨ ਕਿ ਇਨ੍ਹਾਂ ਗੁਰਦੁਆਰਿਆਂ ਦੇ ਵਧੀਆ ਪ੍ਰਬੰਧ ਲਈ 1970 ਵਿਚ ਮੋਰਚਾ ਲਾ ਕੇ ਜੋ ਐਕਟ ਬਣਾਇਆ ਸੀ ਉਸ ਦੀਆਂ ਪੂਰਨ ਰੂਪ ਵਿਚ ਧੱਜੀਆਂ ਉਡਾਈਆਂ ਗਈਆਂ ਹਨ। ਮੈਂਬਰਾਂ ਦਾ ਦੋਸ਼ ਹੈ ਕਿ ਧਰਮ ਪ੍ਰਚਾਰ, ਕੀਰਤਨ ਦਰਬਾਰ ਅਤੇ ਹੋਰ ਧਾਰਮਿਕ ਸਰਗਰਮੀਆਂ ਵੀ ਨਾ ਹੋਣ ਦੇ ਬਰਾਬਰ ਹਨ। ਮੈਂ ਜੋ ਅਨੁਭਵ ਕੀਤਾ ਹੈ ਕਿ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਬਹੁ ਗਿਣਤੀ ਕਾਬਜ਼ ਧੜੇ ਪਾਸੋਂ ਕਬਜ਼ਾ ਸਮਾਪਤ ਕਰਾਉਣ ਲਈ ਸਰਗਰਮ ਹੋ ਗਈ ਹੈ। ਇਹ ਗੱਲ ਦੱਸਣ ਯੋਗ ਹੈ ਕਿ ਦਿੱਲੀ ਗੁਰਦੁਆਰਾ ਕਮੇਟੀ ਦੇਸ਼ ਵਿਚ ਸ਼੍ਰੋ: ਗੁ: ਪ੍ਰੰ: ਕਮੇਟੀ ਅੰਮ੍ਰਿਤਸਰ ਦੇ ਪਿਛੋਂ ਦੂਜੇ ਨੰਬਰ ਤੇ ਹੈ। ਜਿਸ ਦਾ ਦਿੱਲੀ ਦੇ ਗੁਰਦੁਆਰਿਆਂ ਤੇ ਪ੍ਰਬੰਧ ਹੈ।

* * * *

ਸਿੱਖ ਸੰਮੇਲਨ ਦਾ ਸਿਲਸਿਲਾ ਤਾਂ ਪੁਰਾਣਾ ਹੈ ਪਰ ਸੰਤ ਫਤਹਿ ਸਿੰਘ ਦੇ ਸਮੇਂ ਤੋਂ ਇਹ ਸੰਮੇਲਨ ਵਧੇਰੇ ਹੋਣ ਲਗੇ। ਜਿਵੇਂ ਜਿਵੇਂ ਸਿੱਖਾਂ ਦੇ ਧਾਰਮਿਕ, ਸਿਆਸੀ ਅਤੇ ਆਰਥਿਕ ਮਸਲੇ ਵਧਣ ਲੱਗੇ ਇਸ ਦੇ ਨਾਲ ਹੀ ਸੰਮੇਲਨ ਬੁਲਾਉਣ ਦਾ ਸਿਲਸਿਲਾ ਵੀ ਵਧ ਗਿਆ। ਇਸ ਸੰਮੇਲਨ ਨੂੰ ਬੁਲਾਉਣ ਦਾ ਮੰਤਵ ਤਾਂ ਤਿੰਨ ਪੱਖਾਂ ਤੋਂ ਸ਼ਕਤੀ ਪ੍ਰਾਪਤ ਕਰਨਾ ਹੁੰਦਾ ਸੀ ਪਰ ਹੁਣ ਇਨ੍ਹਾਂ ਸੰਮੇਲਨਾਂ 'ਚ ਸ਼ਖਸੀਅਤਾਂ ਨੂੰ ਉਭਾਰਿਆ ਜਾਂਦਾ ਰਿਹਾ ਹੈ ਅਤੇ ਹਰ ਲੀਡਰ ਆਪਣੇ ਆਪਣੇ ਸਮੇਂ ਵਿਚ ਇਨ੍ਹਾਂ ਸੰਮੇਲਨਾਂ ਤੋਂ ਲਾਭ ਉਠਾਂਦਾ ਰਿਹਾ ਹੈ। ਸਿੱਖ ਵਿਸ਼ਵ ਕਨਵੈਨਸ਼ਨ ਹੋਵੇ ਜਾਂ ਆਲ ਇੰਡੀਆ ਸਿਖ ਸੰਮੇਲਨ ਜਾਂ ਸਰਬਤ ਖਾਲਸਾ ਦਾ ਇਜਲਾਸ ਇਨ੍ਹਾਂ ਸਾਰਿਆਂ ਦੀ ਰੂਪ ਰੇਖਾ ਇਕ ਪ੍ਰਕਾਰ ਦੀ ਹੁੰਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਇਨ੍ਹਾਂ ਸੰਮੇਲਨਾਂ ਵਿਚ ਪੰਜਾਬ ਤੋਂ ਇਲਾਵਾ ਅਤੇ ਵਿਦੇਸ਼ਾਂ ਦੇ ਸਿਖ ਵੀ ਸ਼ਾਮਲ ਹੁੰਦੇ ਹਨ। ਮੈਨੂੰ ਪਤਾ ਲੱਗਾ ਹੈ ਕਿ ਉਪਰ ਲਿਖੇ ਤਿੰਨਾਂ ਵਿਸ਼ਿਆਂ ਨੂੰ ਲੈ ਕੇ ਸੰਤ ਅਕਾਲੀ ਦਲ ਨੇ ਅਕਤੂਬਰ ਮਹੀਨੇ ਆਲ ਇੰਡੀਆ ਸਿਖ ਸੰਮੇਲਨ ਦਾ ਨਿਰਣਾ ਲਿਆ ਹੈ। ਇਹ ਕਿਥੇ ਹੋਵੇਗਾ ਅਤੇ ਇਸ ਦਾ ਵਿਸਥਾਰਕ ਏਜੰਡਾ ਕੀ ਹੋਵੇਗਾ ਇਹ ਸਭ ਕੁਝ ਅਜੇ ਤਹਿ ਹੋਣਾ ਹੈ। ਜੂਨ 1984 ਦੇ ਨੀਲਾ ਤਾਰਾ ਐਕਸ਼ਨ ਪਿਛੋਂ ਤਿੰਨ ਪ੍ਰਕਾਰ ਦੇ ਸਰਬੱਤ ਖਾਲਸਾ ਸੰਮੇਲਨ ਹੋ ਚੁਕੇ ਹਨ। ਜਦ ਕਦੀ ਕਿਸੇ ਕੌਮ ਜਾਂ ਫਿਰਕੇ ਤੇ ਸੰਕਟ ਆਉਂਦਾ ਹੈ ਤਾਂ ਉਸ ਸੰਕਟ ਦੀਆਂ ਵੱਡੀਆਂ ਨਿਸ਼ਾਨੀਆਂ ਇਹ ਹੁੰਦੀਆਂ ਹਨ ਕਿ ਇਕ ਤਾਂ ਗ੍ਰਹਿ ਯੁਧ ਆਰੰਭ ਹੋ ਜਾਂਦਾ ਹੈ, ਦੂਜਾ ਧਾਰਮਿਕ ਪੱਖੋਂ ਗਿਰਾਵਟ ਆਉਂਦੀ ਹੈ, ਤੀਜਾ ਆਰਥਿਕ ਹਾਨੀ ਹੁੰਦੀ ਹੈ ਅਤੇ ਚੌਥਾ ਰਾਜਸੀ ਤੌਰ ਤੇ ਕਮਜ਼ੋਰ ਹੋਣਾ ਹੁੰਦਾ ਹੈ। ਇਸ ਸਮੇਂ ਠੀਕ ਸਾਰਾ ਸਿਖ ਪੰਥ ਇਨ੍ਹਾਂ ਚੌਹਾਂ ਸਥਿਤੀਆਂ 'ਚੋਂ ਲੰਘ ਰਿਹਾ ਹੈ। ਸਿਖ ਜਗਤ ਦੇ ਸਾਹਮਣੇ ਸਭ ਤੋਂ ਵੱਡਾ ਪ੍ਰਸ਼ਨ ਇਹ ਹੈ ਕਿ ਖੇਰੂੰ ਖੇਰੂੰ ਸਿੱਖ ਪੰਥ ਦੀ ਏਕਤਾ ਕੌਣ ਕਰਵਾਏ। ਇਸ ਸਮੇਂ ਪੰਥ ਕਈ ਭਾਗਾਂ ਵਿਚ ਵੰਡਿਆ ਹੋਇਆ ਹੈ। ਇਕ ਤਾਂ ਸਰਕਾਰੀ ਖਾਲਸਾ ਹੈ ਜਿਸ ਦੀ ਅਗਵਾਈ ਕੇਂਦਰ ਸਰਕਾਰ ਦੇ ਹੱਥ ਵਿਚ ਹੈ। ਦੂਜਾ ਦਮਦਮੀ ਟਕਸਾਲ ਦਾ ਧੜਾ ਹੈ ਜਿਸ ਦੀ ਅਗਵਾਈ ਵਿਚ ਅੰਮ੍ਰਿਤਸਰ ਦੇ ਸਰਬੱਤ ਖਾਲਸਾ ਸੰਮੇਲਨ ਹੁੰਦੇ ਰਹੇ ਹਨ। ਤੀਜਾ ਹੈ ਸ: ਬਰਨਾਲਾ ਦਾ ਧੜਾ ਜੋ ਆਨੰਦਪੁਰ ਵਿਚ ਸੰਮੇਲਨ ਕਰ ਚੁਕਾ ਹੈ। ਅਜਿਹੇ ਆਲ ਇੰਡੀਆ ਸਿੱਖ ਸੰਮੇਲਨ ਬੁਲਾਉਣ ਦਾ ਕੀ ਲਾਭ ਹੈ ਜਿਨ੍ਹਾਂ ਵਿਚ ਕੀਤੇ ਨਿਰਣਿਆਂ ਤੇ ਨਾ ਤਾਂ ਅਮਲ ਹੋਵੇ ਅਤੇ ਨਾ ਹੀ ਕੌਮ ਦਾ ਲੇਖਾ ਜੋਖਾ ਕੀਤਾ ਜਾਵੇ। ਸਗੋਂ ਬੀਤੇ 5-6 ਸਾਲਾਂ ਤੋਂ ਅਜਿਹੇ ਸਾਰੇ ਸੰਮੇਲਨ ਨੂੰ ਬੁਲਾਉਣ ਦੀ ਲੋੜ ਹੈ ਤਾਂ ਉਹ ਸ੍ਰੀ ਅਕਾਲ ਤਖਤ ਸਾਹਿਬ ਦੀ ਕਾਰ ਸੇਵਾ ਨੂੰ ਛੇਤੀ ਪੂਰਿਆਂ ਕਰਨ ਲਈ ਬੁਲਾਇਆ ਜਾਵੇ। ਜਿਸ ਅਣਖੀ ਕੌਮ ਦਾ ਸਭ ਤੋਂ ਵੱਡਾ ਪਰਿਵਾਰ ਧਰਮ ਅਸਥਾਨ ਡਿਗਿਆ ਹੋਇਆ ਹੋਵੇ ਅਤੇ ਉਹ ਕੌਮ ਦੇ ਸਾਲ ਤੋਂ ਵਧੀਕ ਉਸ ਦੀ ਨਵ ਉਸਾਰੀ ਨਾ ਕਰ ਸਕੇ ਤਾਂ ਫਿਰ ਇਹ ਕਿਸੇ ਜਿੰਦਾ ਕੌਮ ਦੀ ਨਿਸ਼ਾਨੀ ਨਹੀਂ ਹੈ।

ਝੂਠ/ਸੱਚ ਦਾ ਨਿਤਾਰਾ

ਬੀ. ਐਸ. ਗਰੇਵਾਲ(ਪ੍ਰਿ: ਰੀਟਾਇਰਡ)

ਸ੍ਰ. ਮੇਹਰ ਸਿੰਘ ਸੰਧੂ ਨੇ 'ਕੈਨੇਡਾ ਦਰਪਣ' 'ਚ ਇਕ ਲੇਖ ਦੁਆਰਾ ਸਿਧ ਕਰਨ ਦਾ ਯਤਨ ਕੀਤਾ ਹੈ ਕਿ "ਸ੍ਰੀ ਗੁਰੂ ਨਾਨਕ ਦਾ ਮਿਸ਼ਨ ਕੇਵਲ ਵੀਚਾਰ ਧਾਰਾ ਨੂੰ ਸੋਧਣਾ ਸੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਮਿਸ਼ਨ ਸ੍ਰੀ ਗੁਰੂ ਨਾਨਕ ਦੇ ਮਿਸ਼ਨ ਤੋਂ ਵੱਖਰਾ ਸੀ। ਇਸੇ ਕਰਕੇ ਸ੍ਰੀ ਗੁਰੂ ਨਾਨਕ ਦੇ ਮਿਸ਼ਨ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਿਖਰ ਤੇ ਪੁਹੰਚਾਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਇਹੋ ਵੀਚਾਰ ਹਿੰਦੂ ਧਰਮ ਨੂੰ ਮੰਨਣ ਵਾਲਿਆਂ ਦਾ ਹੈ, ਜੋ ਹਰ ਵਖਰੇ ਧਰਮ ਨੂੰ ਆਪਣੇ ਹਿੰਦੂ ਧਰਮ 'ਚ ਸਮੋਣ (ਜਜ਼ਬ ਕਰਨ) ਦੇ ਯਤਨ ਕਰਦੇ ਰਹਿੰਦੇ ਹਨ।

ਸ੍ਰ. ਮੇਹਰ ਸਿੰਘ ਸੰਧੂ ਨੂੰ ਚਾਹੀਦਾ ਹੈ ਕਿ ਕਿ ਉਹ ਉਨ੍ਹਾਂ ਵਿਦਵਾਨਾਂ, ਖੋਜੀਆਂ ਅਤੇ ਸੂਝਵਾਨਾਂ ਦੇ ਇਸ ਸਬੰਧੀ ਵੀਚਾਰ ਪੜ੍ਹਨ, ਜੋ ਸਿੱਖ ਧਰਮ, ਸਿਖ ਇਤਿਹਾਸ ਅਤੇ ਸਿੱਖ ਜੀਵਨ-ਜਾਚ ਬਾਰੇ ਪ੍ਰਸਿੱਧੀ ਰਖਦੇ ਹਨ ਤਾਂ ਕਿ ਉਨ੍ਹਾਂ ਦਾ ਭੁਲੇਖਾ ਨਿਕਲ ਸਕੇ। ਇਨ੍ਹਾਂ ਪ੍ਰਸਿੱਧੀ ਪਾਉਣ ਵਾਲਿਆਂ 'ਚੋਂ ਇਕ ਪ੍ਰੋ: ਤੇਜਾ ਸਿੰਘ ਖਾਲਸਾ ਕਾਲਜ ਅੰਮ੍ਰਿਤਸਰ ਹੋਏ ਹਨ ਜਿਨ੍ਹਾਂ ਆਪਣੀ ਇਕ ਪੁਸਤਕ The growth of responsibility in Sikhism 'ਚ ਲਿਖਿਆ ਹੈ ਕਿ ਜੋ ਗੁਰੂ ਗਰੰਥ ਸਾਹਿਬ ਦਾ ਅਧਿਅਨ, ਇਸ ਨੂੰ ਸਿੱਖ ਫਿਲੌਸਫੀ ਸਮਝ ਕੇ ਕਰਦੇ ਹਨ ਅਤੇ ਸਿਖ ਧਰਮ ਨੂੰ ਸੰਪੂਰਨ ਜੀਵਨ-ਜਾਚ ਵਜੋਂ ਨਹੀਂ ਸਮਝ ਪਾਉਂਦੇ, ਉਨ੍ਹਾਂ ਨੂੰ ਇਹ ਗਲਤੀ ਲੱਗ ਜਾਂਦੀ ਹੈ ਕਿ ਗੁਰੂ ਸਾਹਿਬਾਨ ਦਾ ਮਿਸ਼ਨ ਵੱਖੋ-ਵੱਖਰਾ ਸੀ। ਦਰਅਸਲ ਗੁਰੂ ਨਾਨਕ ਦੇਵ ਜੀ ਉਸ ਧਰਮ ਦੀ ਨੀਂਹ ਰੱਖੀ, ਜਿਸ ਦਾ ਮਨੋਰਥ ਮਨੁੱਖੀ ਜੀਵਨ ਦਾ ਸਰਬ-ਪੱਖੀ ਵਿਕਾਸ ਕਰਨਾ ਸੀ, ਜਿਸ ਦੁਆਰਾ ਮਨੁੱਖ ਦੀ ਆਚਰਨ-ਉਸਾਰੀ ਕਰਕੇ, ਉਸ ਨੂੰ ਪਰਮ - ਮਨੁੱਖ, ਬਨਾਉਣਾ ਸੀ ਭਾਵ ਬ੍ਰਹਮ ਗਿਆਨੀ, ਸੰਤ-ਸਿਪਾਹੀ ਦੀ ਪਦਵੀ ਤਕ ਲੈ ਜਾਣਾ ਸੀ, ਤਾਂਕਿ ਉਹ ਆਤਮਕ ਤੇ ਦੁਨਿਆਵੀ ਖੇਤਰਾਂ 'ਚ ਆਪਣਾ ਫਰਜ਼ ਨਿਭਾ ਕੇ ਮੁਕਤ ਹੋ ਸਕੇ। ਇਸ ਕਰਕੇ ਉਨ੍ਹਾਂ ਤਿੰਨ ਕੰਮਾਂ ਦੇ ਕਰਨ ਦੀ ਪ੍ਰੇਰਨਾ, ਆਪਣੀ ਮਿਸਾਲ ਕਾਇਮ ਕਰਕੇ ਦਿਤੀ ਜਿਵੇਂ ਕਿ ਸੁਚੀ ਕਿਰਤ ਕਰਨਾ, ਵੰਡ ਕੇ ਛਕਣਾ (ਸੇਵਾ ਅਤੇ ਪਰਉਪਕਾਰ ਰਾਹੀਂ) ਅਤੇ ਨਾਮ ਜਪਣਾ ਭਾਵ ਸਚ ਨੂੰ ਗ੍ਰਹਿਣ ਕਰਨਾ। ਇਸੇ ਕਰਕੇ ਸਤਿਗੁਰਾਂ ਫਰਮਾਇਆ ਸੀ ਕਿ 'ਸਚੋਂ ਉਰੇ ਸਭ ਕੋ ਉਪਰ ਸਚੁ ਆਚਾਰੁ।' ਨਿਘਰੀ ਹੋਈ ਕੌਮ ਦੀ ਚਿੱਤ੍ਰ ਉਸਾਰੀ 40-50 ਸਾਲਾਂ 'ਚ ਹੋਣੀ ਨਾ ਮੁਮਕਨ ਹੈ। ਇਸ ਨੂੰ ਦਸੇ ਗੁਰੂ ਸਾਹਿਬਾਨ ਨੇ ਸੈਂਕੜੇ ਸਾਲਾਂ (250 ਸਾਲਾਂ) 'ਚ ਆਪਣੀ ਕਮਾਈ, ਵੱਖੋ-ਵੱਖਰੇ ਕੰਮਾਂ ਰਾਹੀਂ ਮੁਕੰਮਲ ਕੀਤਾ। ਕਿਸੇ ਨੇ ਮਾਂ ਬੋਲੀ ਦੀ ਸਰਲ ਲਿਖੀ ਪ੍ਰਚਲਤ ਕਰਕੇ, ਕਿਸੇ ਸਾਂਝਾ ਲੰਗਰ, ਸਾਂਝਾ ਮੰਦਰ, ਸੰਗਤ ਤੇ ਪੰਗਤ ਦੀ ਪਰੰਪਰਾ ਰਾਹੀਂ ਸੇਵਾ ਤੇ ਪਰਉਪਕਾਰ ਦਾ, ਭਗਤੀ ਤੇ ਸ਼ਕਤੀ ਦਾ ਸੁਮੇਲ ਕਰਕੇ, ਭਾਣਾ ਮੰਨਣ ਦਾ ਬਲ ਪੈਦਾ ਕਰਕੇ, ਸਹਿਨਸ਼ੀਲਤਾ ਅਤੇ ਕੁਰਬਾਨੀ ਦੀ ਮਸਾਲ ਕਾਇਮ ਕਰਕੇ ਅਤੇ ਆਖੀਰ 'ਚ ਮਨੁੱਖੀ ਅਣਖ ਨੂੰ ਜਗਾ ਕੇ ਚੜ੍ਹਦੀ ਕਲਾ 'ਚ ਰਹਿ ਕੇ ਲੋੜ ਪੈਣ ਤੇ ਧਰਮ ਦੀ ਰਾਖੀ ਲਈ ਤਲਵਾਰ ਫੜਾ ਕੇ ਕੌਮ ਉਸਾਰੀ ਮੁਕੰਮਲ ਕੀਤੀ। ਸਿਟੇ ਵਜੋਂ ਵਿਰੋਧੀਆਂ ਨੂੰ ਮੰਨਣਾ ਤੇ ਲਿਖਣਾ ਪਿਆ ਕਿ ਜਿਸ ਕੌਮ ਦੀ ਸਿਰਜਨਾ ਕਰਨ ਲਈ ਗੁਰੂ ਨਾਨਕ ਨੇ ਨੀਂਹ ਰੱਖੀ ਸੀ, ਉਸ ਨੂੰ ਪੂਰਨਤਾ ਗੁਰੂ ਗੋਬਿੰਦ ਸਿੰਘ ਨੇ ਦਿਤੀ, ਜਿਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ 'ਚ ਨਹੀਂ ਮਿਲਦੀ। ਜੇਕਰ ਗੁਰੂ ਗੋਬਿੰਦ ਸਿੰਘ ਦਾ ਮਿਸ਼ਨ ਗੁਰੂ ਨਾਨਕ ਨਾਲੋਂ ਵੱਖਰਾ ਹੁੰਦਾ, ਤਾਂ ਇਤਿਹਾਸਕਾਰ ਲਤੀਫ ਗੁਰੂ ਗੋਬਿੰਦ ਸਿੰਘ ਬਾਰੇ ਇਹ ਨਾ ਲਿਖਦਾ ਕਿ

"Guru Gobind Singh was a law-giver in the fulf pulpit, a champion in the field, a king on masand, and a faqir in the society of the Khalsa"

ਜੇਕਰ ਪਹਿਲੇ ਨੌਂ ਗੁਰੂ ਸੁਧਾਰਕ ਹੀ ਹੁੰਦੇ, ਤਾਂ ਉਨ੍ਹਾਂ ਚੋਂ ਕਿਸੇ ਨੂੰ ਭੀ ਲੋਧੀਆਂ ਦੀ ਕੈਦ ਕੱਟਣ ਜਹਾਂਗੀਰ ਦੀ ਤੱਤੀ ਤਵੀ ਤੇ ਬੈਠਣਾ, ਗਵਾਲੀਅਰ ਦੇ ਕਿਲੇ 'ਚ ਨਜ਼ਰਬੰਦ ਹੋਣ ਅਤੇ 200 ਮੀਲ ਤੁਰ ਕੇ ਦਿਲੀ ਆਪਣੇ ਕਾਤਲ ਕੋਲ ਪੁਜਣ ਦੀ ਲੋੜ ਹੀ ਨਾ ਪੈਂਦੀ। ਉਹ ਭਲੀ ਪ੍ਰਕਾਰ ਭਗਤ ਕਬੀਰ, ਫਰੀਦ, ਨਾਮ ਦੇਵ ਵਾਂਝ ਮਨੁੱਖ ਦੇ ਨਿੱਜੀ ਸੁਧਾਰ ਬਾਰੇ ਪਰਚਾਰ ਕਰਦੇ ਹੋਏ ਜੀਵਨ ਬਤੀਤ ਕਰ ਜਾਂਦੇ। ਗੁਰੂ ਨਾਨਕ ਸੁਧਾਰਕ ਨਹੀਂ ਸਨ, ਇਨਕਲਾਬੀ ਸਨ। ਗੁਰੂ ਗੋਬਿੰਦ ਸਿੰਘ ਦੀ ਸ਼ਮਸ਼ੀਰ ਦੀ ਫੌਲਾਦ ਗੁਰੂ ਨਾਨਕ ਨੇ ਤਿਆਰ ਕੀਤੀ ਸੀ। ਇਹ ਫੌਲਾਦ, ਇਨਕਲਾਬੀ ਵੀਚਾਰ ਧਾਰਾ ਦੀ ਪ੍ਰਤੀਕ ਸੀ। ਉਨ੍ਹਾਂ ਆਪਣੀ ਜਾਨ ਨੂੰ ਖਤਰੇ 'ਚ ਪਾ ਕੇ, ਬੜੀ ਨਿਡਰਤਾ ਨਾਲ ਬਾਬਰ ਦੀ ਫੌਜ ਨੂੰ ਪਾਪ ਦੀ ਜੰਞ, ਲੋਧੀ ਰਾਜਿਆਂ ਨੂੰ ਪਾੜ ਖਾਣੇ ਸ਼ੇਰ ਅਤੇ ਮੁਕਦਮਾ (ਕਰਮਚਾਰੀਆ) ਨੂੰ ਹਰਾਮ ਖਾਣੇ ਕੁੱਤੇ ਆਖ ਕੇ ਮੁਰਦਾਂ ਦਿਲਾਂ 'ਚ ਹੌਂਸਲਾ ਭਰਿਆ। ਮਲਕ ਭਾਗੋ ਦੀ ਜਾਗੀਰਦਾਰੀ ਅਤੇ ਸਰਮਾਏਦਾਰੀ ਦੀ ਕਮਾਈ ਨੂੰ ਗਰੀਬਾਂ, ਮਜ਼ਦੂਰਾਂ, ਦੇ ਰਤ ਨਾਲ ਭਿਜੀ ਹਰਾਮ ਦੀ ਕਮਾਈ ਦਰਸਾਕੇ ਜਾਗਰਤਾਂ ਪੈਦਾ ਕੀਤੀ। ਸੁਚੀ ਅਤੇ ਹੱਕ ਦੀ ਕਮਾਈ ਕਰਨ ਵਾਲੇ ਭਾਈ ਲਾਲੋ ਨੂੰ ਸਤਿਕਾਰਿਆ ਗਿਆ। ਕੌਡੇ ਰਾਖਸ਼ ਅਤੇ ਸਜਣ ਠੱਗ ਦੇ ਭੈੜੇ, ਆਚਰਨਹੀਣ ਕੰਮਾਂ ਤੋਂ ਜਨਤਾ ਨੂੰ ਸੁਚੇਤ ਕੀਤਾ। ਨੀਵੀਂ ਜਾਤੀਆਂ ਵਾਲਿਆਂ ਨੂੰ ਅਪਨਾਇਆ, ਇਸਤਰੀ ਜਾਤੀ ਦੀ ਮਹੱਤਤਾ ਦਸਕੇ ਉਸਤਤ ਕਰਕੇ ਭਾਈਚਾਰਕ ਜੀਵਨ 'ਚ ਪਵਿੱਤਰਤਾ ਅਤੇ ਬਰਾਬਰਤਾ ਲਿਆਂਦੀ। ਵਿਦਿਆ (ਗਿਆਨ) ਪ੍ਰਾਪਤ ਕਰਨ ਦਾ ਮੂਲ ਮਨੋਰਥ ਪਰਉਪਕਾਰ (ਸੇਵਾ) ਕਰਨਾ ਦਰਸਾਇਆ। ਨਿਰਭਉ ਅਤੇ ਨਿਰਵੈਰ ਜੀਵਨ ਜੀਣ ਲਈ ਉਤਸ਼ਾਹਤ ਕਰਨ ਵਾਲਾ, ਅਤੇ ਸਚੁ ਆਚਾਰੁ ਸਭ ਤੋਂ ਉਪਰ ਦਰਸਾਉਣ ਵਾਲਾ ਗੁਰੂ ਨਾਨਕ ਸੁਧਾਰਕ ਨਹੀਂ ਹੋ ਸਕਦਾ। ਉਨ੍ਹਾਂ ਸਿੱਖ ਕੌਮ ਦੀ ਨੀਂਹ ਰੱਖੀ, ਜਿਸ ਨੂੰ ਗੁਰੂ ਗੋਬਿੰਦ ਸਿੰਘ ਨੇ ਖਾਲਸੇ ਦੇ ਰੂਪ 'ਚ ਪੂਰਨਤਾ ਦਿਤੀ।

ਸੰਧੂ ਸਾਹਿਬ ਵਰਗੇ ਜਿਹੜੇ ਕੇਵਲ ਨਾਮ ਬਾਣੀ ਦੇ ਅਭਿਆਸ ਨੂੰ ਹੀ ਧਰਮ ਸਮਝਦੇ ਹਨ, ਉਹ ਹਿੰਦੂ ਤਾਂ ਹੋ ਸਕਦੇ ਹਨ ਪਰ ਸਿਖ ਨਹੀਂ, ਕਿਉਂਕਿ . ਕਰਮ ਰਹਿਤ ਪੂਜਾ-ਪਾਠ, ਹਿੰਦੂ ਧਰਮ ਦਾ ਜੀਵਨ ਮਨੋਰਥ ਤਾਂ ਹੈ ਪਰ ਸਿਖ ਧਰਮ ਦਾ ਨਹੀਂ। ਗੁਰਬਾਣੀ ਅਨੁਸਾਰ ਸੇਵਾ ਬਿਨ ਭਗਤ ਨਹੀਂ ਹੋ ਸਕਦਾ ਅਤੇ ਸ਼ੁਭ ਕਰਮਾਂ ਬਿਨਾ ਜੀਵਨ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ। ਸਿਖ-ਪੰਥ, ਸਿਖ ਧਰਮ ਦਾ ਨਚੋੜ ਹੈ, ਮਾਡਲ ਹੈ, ਸ਼ਾਖ ਨਹੀਂ। ਕੇਵਲ ਸੰਤ ਧਰਮ ਨਿਰਮਲਿਆਂ, ਰਾਧਾ ਸੁਆਮੀਆਂ, ਨਿਰੰਕਾਰੀਆਂ ਆਦ ਦਾ ਧਰਮ ਤਾਂ ਹੋ ਸਕਦਾ ਹੈ, ਗੁਰੂਆਂ ਦੇ ਸਿੱਖਾਂ ਦਾ ਨਹੀਂ ਹੋ ਸਕਦਾ ਕਦਾਚਿਤ। ਗੁਰੂ ਗੋਬਿੰਦ ਸਿੰਘ ਨੇ ਜਿਸ ਆਸ਼ੇ ਨੂੰ ਸਿਖਰ ਤੇ ਪੁਚਾਇਆ ਹੈ, ਉਹ ਗੁਰਬਾਣੀ ਦੀਆਂ ਕਈ ਤੁਕਾਂ 'ਚ ਵਰਨਣ ਕੀਤਾ ਗਿਆ ਹੈ ਜਿਵੇਂ ਧਨ ਜੀਉ ਤਿਹ ਕੋ ਜਗ ਮੇਂ, ਮੁਖ ਤੇ ਹਰੀ ਚਿਤ ਮੈਂ ਜੁਧ ਵੀਚਾਰੇ। ਜੇ ਜੀਵੇ ਪਤਿ ਲਥੀ ਜਾਏ, ਸਭ ਹਰਾਮ ਜੇਤਾ ਕਿਛੁ ਖਾਇ। ਸੂਰਾ ਸੋ ਪਹਿਚਾਨੀਏ ਜੋ ਲਰੇ ਦੀਨ ਕੇ ਹੇਤ। ਸਰਬ ਧਰਮ ਮਹਿ ਸਰੇਸ਼ਨ ਧਰਮ ਹਰਿ ਕੋ ਨਾਮੁ ਜਪੁ ਨਿਰਮਲ ਕਰਮ - ਖਾਲਸਾ ਪੰਥ 'ਚ ਇਹ ਦੋਵੇਂ ਮੌਜੂਦ ਹਨ। ਸੇਂਟ ਐਂਡਰੂ ਨੇ ਗੁਰੂ ਪੰਥ ਦੇ ਸਿੱਖਾਂ ਨੂੰ ਗੁਰੂ ਦੇ ਬਾਗ 'ਚ ਸ਼ਹੀਦ ਹੁੰਦਿਆਂ ਦੇਖ ਕੇ ਕਿਹਾ ਕਿ ਅਜ ਮੈਂ ਸੈਂਕੜੇ ਈਸਾ-ਮਸੀਹਾਂ ਨੂੰ ਸੂਲੀ ਚੜ੍ਹਦੇ ਵੇਖਿਆ। ਖਾਲਸਾ ਪੰਥ ਨਾਮ-ਬਾਣੀ ਦਾ ਅਭਿਆਸ ਭੀ ਕਰਦਾ ਰਿਹਾ ਹੈ, ਜੰਗ ਦੇ ਮੈਦਾਨ 'ਚ ਅਤੇ ਇਸ ਨਾਮ-ਬਾਣੀ ਦੇ ਅਭਿਆਸ 'ਚ ਰੋੜਾ ਅਟਕਾਉਣ ਵਾਲੇ ਦੁਸ਼ਟਾਂ ਦਾ ਖਾਤਮਾ ਭੀ। ਗੁਰੂ ਨਾਨਕ ਜੀ ਪਾਸ, ਜੇਕਰ ਪੰਜ ਭੀ ਮਰਜੀਵੜੇ ਹੁੰਦੇ ਤਾਂ ਉਹ ਭੀ ਜਰਵਾਣਿਆਂ, ਜ਼ਾਲਮਾਂ ਅਤੇ ਸ਼ੀਂਹ ਕੁੱਤਿਆਂ, ਅਤੇ ਲਹੂ ਚੂਸਣੀਆਂ ਜੋਕਾਂ ਵਿਰੁਧ ਉਹ ਹੀ ਢੰਗ ਤੌਰ ਤਰੀਕੇ ਵਰਤਦੇ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਚਲਾਵਨ, ਸੰਤ ਉਬਾਰਨ ਅਤੇ ਦੁਸ਼ਟ ਸਭਨ ਕੋ ਮੂਲ ਉਖਾੜਨ ਲਈ ਵਰਤੇ ਸਨ ਅੰਮ੍ਰਿਤਧਾਰੀ ਸਿੱਖ ਲਈ ਨਾਮ ਬਾਣੀ ਦਾ ਅਭਿਆਸ ਕਰਨਾ ਭੀ ਉਨਾ ਹੀ ਜ਼ਰੂਰੀ ਹੈ, ਜਿਨਾ ਬੀਰ-ਰਸ ਦੀ ਪਾਲਣਾ ਕਰਨਾ, ਸੁਚੀ ਕ੍ਰਿਤ ਕਰਨਾ, ਸੇਵਾ ਤੇ ਪਰਉਪਕਾਰ ਕਰਨਾ, ਵੰਡ ਛਕਣਾ, ਚੜ੍ਹਦੀ ਕਲਾ 'ਚ ਰਹਿਣਾ ਅਤੇ ਸਰਬਤ ਦੇ ਭਲੇ ਲਈ ਜੂਝਣਾ, ਸਤ ਅਤੇ ਸ੍ਰੀ ਅਕਾਲ ਦੇ ਪਾਸੇ ਖੜ ਕੇ ਬੋਲਕੇ ਨਿਹਾਲ ਹੋਣਾ ਭੀ ਖਾਲਸਾ-ਪੰਥ ਦਾ ਧਰਮ ਹੈ। ਜੋ ਖਾਲਸਾ ਪੰਥ ਨੂੰ ਦੋਫਾੜ ਕਰਕੇ ਦਰਸਾਉਂਦੇ ਹਨ ਉਹ ਦਰਬਾਰ ਸਾਹਿਬ ਅਤੇ ਅਕਾਲ ਤਖਤ ਨੂੰ ਆਮਣੇ ਸਾਹਮਣੇ ਖੜੋਤੇ ਵੇਖ ਕੇ ਭੀ ਇਸ ਅਸਲੀਅਤ ਨੂੰ ਸਮਝਣ ਤੋਂ ਅਸਮਰਥ ਹਨ। ਵਾਹਿਗੁਰੂ ਇਨ੍ਹਾਂ ਨੂੰ ਸਮਤ ਬਖਸ਼ੇ। ਖਾਲਸਾ ਪੰਥ, ਸਿਖ ਧਰਮ ਦਾ ਫਲ ਤਾਂ ਹੋ ਸਕਦਾ ਹੈ ਸ਼ਾਖ ਨਹੀਂ। ਗਦਰੀ ਬਾਬੇ, ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਜੋਸ਼, ਸੁਤੰਤਰ, ਸੁਰਜੀਤ ਆਦਿ ਸਭ ਸਾਬਤ ਸੂਰਤ, ਖਾਲਸਾ ਪੰਥ ਦੇ ਅੰਗ ਹੀ ਸਨ, ਜੋ ਆਰਥਕ ਰਾਜਨੀਤਕ ਅਤੇ ਸਮਾਜਕ ਆਜ਼ਾਦੀ ਲਈ ਲੜਦੇ ਰਹੇ। ਅਸਾਨੂੰ ਆਪਣੇ ਗੌਰਬ-ਮਈ ਵਿਰਸੇ ਅਤੇ ਸਰਦਾਰੀ ਤੇ ਮਾਨ ਹੈ।

ਪੰਨਾ 13 ਦੀ ਬਾਕੀ

ਦੇ ਥੱਲੇ ਰਹਿਕੇ ਮਦਦ ਕਰਦੇ ਰਹੋਂ ਜਦ ਤੁਸੀਂ ਆਪਦੀ ਕਮਿਊਨਿਟੀ ਲਈ ਤੇ ਆਪਦੇ ਲਈ ਕੋਈ ਪੁਜ਼ੀਸ਼ਨ ਮੰਗੋ ਤਾਂ ਸਹੀ ਹਾਲਤ ਸਾਹਮਣੇ ਆਉਂਦੀ ਹੈ ਤੇ ਤੁਹਾਡੀ ਪਾਰਟੀ ਵਿਚ ਬਰਖਲਾਫੀ ਵਧਦੀ ਹੈ। ਕਈ ਜ਼ਾਤੀ ਗੱਲਾਂ ਕਾਰਨ ਸਾਡੇ ਆਪਦੇ ਬੰਦੇ ਭੀ ਮਦਦ ਘੱਟ ਕਰਦੇ ਹਨ। ਅਫਸੋਸ ਹੈ ਜੇ ਗੋਰਾ ਹੱਥ ਮਿਲਾ ਲਵੇ ਤਾਂ ਉਸਨੂੰ ਵੋਟ ਵੀ ਤੇ ਪੈਸੇ ਭੀ ਦੇਂਦੇ ਹਨ। ਇਹ ਗੱਲ ਉਨਾ ਚਿਰ ਇਵੇਂ ਹੀ ਰਹੇਗੀ ਜਿੰਨਾ ਚਿਰ ਸਾਨੂੰ ਆਪਤੇ ਫੱਖਰ ਨਹੀਂ ਆਉਂਦਾ ਤੇ ਅਸੀਂ ਆਪ ਨੂੰ ਸਾਰਿਆਂ ਦੇ ਬਰਾਬਰ ਨਹੀਂ ਸਮਝਦੇ। ਇਸ ਤਰ੍ਹਾਂ ਗੁਲਾਮੀ ਦੀ ਜ਼ਹਿਨੀਅਤ ਤੋਂ ਸਦਾ ਲਈ ਛੁਟਕਾਰਾ ਹੋਵੇਗਾ। ਅਸਲ ਵਿਚ, ਸ਼ਕਲ ਵਿਚ ਤੇ ਮਿਹਨਤ ਵਿਚ ਸਾਡੇ ਲੋਕ ਕਿਸੇ ਤੋਂ ਘੱਟ ਨਹੀਂ। ਇਕ ਦੂਜੇ ਨਾਲ ਹਸ ਤੇ ਲਾਲਚ ਸਾਡੇ ਦੋ ਵੱਡੇ ਦੁਸ਼ਮਣ ਹਨ।

ਕੈਨੇਡਾ ਦਰਪਣ ਵਿਚ ਲੜੀਵਾਰ ਇਸ ਸਾਰੀ ਰੀਪੋਰਟ ਦਾ ਸਾਰ ਅੰਸ਼ ਛਾਪਿਆ ਜਾਵੇਗਾ ਤਾਂਕਿ ਲੋਕਾਂ ਨੂੰ ਗਿਆਨ ਹੋ ਜਾਵੇ ਕਿ ਸਿਫਾਰਸ਼ਾਂ ਕੀ ਹਨ ਤੇ ਇਸਦਾ ਆਮ ਲੋਕਾਂ ਨੂੰ ਫਾਇਦਾ ਕੀ ਹੋਵੇਗਾ। ਜੇ ਇਹ ਪਾਸ ਭੀ ਹੋ ਜਾਣ ਤਾਂ ਭੀ ਸਾਨੂੰ ਪੈਰਵਾਈ ਕਰਨੀ ਪਵੇਗੀ ਕਿਉਂਕਿ ਐਨ. ਡੀ. ਪੀ. ਪਾਰਟੀ ਨੇ ਭੀ ਆਟੋਮੈਟਿਕ ਕਾਨੂੰਨ ਨਹੀਂ ਬਣਾ ਦੇਣਾ। ਜੇ ਇਹ ਪਾਰਟੀ ਭਵਿਖ ਵਿਚ ਸਰਕਾਰ ਬਣ ਜਾਵੇ ਤਾਂ ਸਾਨੂੰ ਕੁਝ ਆਸ ਹੈ। ਸੋਕਰਡ ਪਾਰਟੀ ਲੋਕਾਂ ਨੂੰ ਹਮੇਸ਼ਾਂ ਭੁਲੇਖੇ ਵਿਚ ਰਖਦੀ ਰਹੀ ਹੈ ਤੇ ਅੱਜ ਭੀ ਇਨ੍ਹਾਂ ਦੀ ਇਹੀ ਚਾਲ ਹੈ। ਪਰ ਜਦ ਇਹ ਚੋਣਾਂ ਜਿੱਤ ਗਈ ਫਿਰ ਇਨ੍ਹਾਂ ਦਾ ਅਸਲੀ ਰੰਗ ਅੱਗੇ ਆਵੇਗਾ।

ਪੰਜ ਵਿਅਕਤੀ ਗ੍ਰਿਫਤਾਰ

ਅਜਨਾਲਾ — ਪੁਲੀਸ ਪਾਰਟੀ ਰਮਦਾਸ ਨੇ ਵੱਖੋ ਵੱਖ ਪਿੰਡਾਂ 'ਚ ਅਚਨਚੇਤ ਛਾਪਾ ਮਾਰ ਕੇ ਪੰਜ ਸਮਾਜ ਵਿਰੋਧੀ ਅਨਸਰਾਂ ਨੂੰ ਗ੍ਰਿਫਤਾਰ ਕੀਤਾ ਹੈ। ਪੁਲੀਸ ਸੂਤਰਾਂ ਅਨੁਸਾਰ ਬੀਤੇ ਦਿਨੀਂ ਮਾਰੇ ਗਏ ਛਾਪਿਆਂ ਦੌਰਾਨ ਪਿੰਡ ਭੂਰੇ ਗਿੱਲ ਦੇ ਅਨੋਖ ਸਿੰਘ ਪੁੱਤਰ ਸਾਧਾ ਸਿੰਘ ਨੂੰ, ਇਸ ਦੇ ਭਰਾ ਸੁਖਦੇਵ ਸਿੰਘ ਨੂੰ, ਪਿੰਡ ਜੱਸੜ ਦੇ ਦੋ ਭਰਾਵਾਂ ਦਰਸ਼ਨ ਸਿੰਘ ਤੇ ਗੁਲਸ਼ਨ ਸਿੰਘ ਨੂੰ ਅਤੇ ਪਿੰਡ ਮਾਨੋਵਾਲ ਦੇ ਜਗਦੇਵ ਸਿੰਘ ਪੁੱਤਰ ਸਾਧਾ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ ਹੈ

ਸਾ ਹਿ ਤ ਦ ਰ ਪ ਣ

ਕਹਾਣੀ:

ਹਥਿਆਰ

■ ਅਵਤਾਰ ਸਾਦਿਕ

ਹਵਾਈ ਜਹਾਜ਼ ਕੁਝ ਚਿਰ ਲਈ ਧਰਤੀ ਤੇ ਦੌੜ ਕੇ ਅਕਾਸ਼ ਵਲ ਉੜ ਪਿਆ ਸੀ। ਦਰਿਆ ਫਰੇਜਰ, ਉਸਦੇ ਕਿਨਾਰਿਆਂ ਤੇ ਲਗੀਆਂ ਲੱਕੜ ਦੀਆਂ ਮਿੱਲਾਂ, ਦਰਖਤਾਂ ਦੀਆਂ ਪਾਲਾਂ, ਕਾਰਾਂ ਮੋਟਰਾਂ ਦੀਆਂ ਕਤਾਰਾਂ, ਸੜਕਾਂ ਦਾ ਜਾਲ ਬਰਫਾਂ ਲਦੀਆਂ ਪਹਾੜਾਂ ਦੀਆਂ ਟੀਸੀਆਂ ਵੈਨਕੂਵਰ ਸ਼ਹਿਰ ਦੇ ਮੁਖ ਨੂੰ ਚਾਰ ਚੰਨ ਲਾ ਰਹੀਆਂ ਸਨ। ਜਹਾਜ਼ ਬੱਦਲਾਂ ਦੀਆਂ ਤੈਹਾਂ ਚੀਰ ਚੁਕਾ ਸੀ। ਮੇਰੇ ਪ੍ਰੀਨੇ ਚਾਰ ਹਫਤਿਆਂ ਦੀਆਂ ਮੋਹ, ਹਮਦਰਦੀ ਤੇ ਸਤਿਕਾਰ ਭਰੀਆਂ ਯਾਦਾਂ ਮਿੱਠੀ ਮਿੱਠੀ ਪੀੜ ਪੈਦਾ ਕਰਨ ਲਗ ਪਈਆਂ ਸਨ। ਇਨ੍ਹਾਂ ਯਾਦਾਂ ਨੇ ਜਿੰਦਗੀ ਨੂੰ ਸੁਹਣਾ ਬਣਾਉਣ ਦੇ ਵਿਸ਼ਵਾਸ਼ ਵਿਚ ਹੋਰ ਉਤਸ਼ਾਹ ਭਰਿਆ ਸੀ। ਮੇਰੇ ਸਿਰ ਯਾਦਾਂ ਦੀ ਪੰਡ ਸੀ ਤੇ ਜਹਾਜ਼ ਦੋ ਸੌ ਤੋਂ ਵੱਧ ਬੰਦੇ ਚੁਕੀ - ਆਪਣੀ ਰਫਤਾਰ ਅਕਾਸ਼ ਵਿਚ ਦੌੜ ਰਿਹਾ ਸੀ।

ਆਪਣੇ ਸੁਹਿਰਦ ਮਿਤ੍ਰਾਂ ਨੂੰ ਯਾਦ ਕਰਦਿਆਂ ਮੈਂ ਅੱਖਾਂ ਖੋਹਲੀਆਂ। ਤਾਕੀ ਰਾਹੀਂ ਬਾਹਰ ਤੱਕਿਆ। ਬਦਲਾਂ ਦੀ ਲੋਗੜ ਵਰਗੀਆਂ ਤੈਹਾਂ ਉਪਰ ਜਹਾਜ਼ ਉੜ ਰਿਹਾ ਸੀ। ਸੂਰਜ ਦੀਆਂ ਕਿਰਨਾਂ ਬਦਲਾਂ ਨੂੰ ਚਾਂਦੀ ਰੰਗਾ ਰੂਪ ਦੇ ਰਹੀਆਂ ਸਨ। ਬਦਲਾਂ ਦੀ ਟੁਟੀ ਤੈਹ ਵਿਚੋਂ ਥੱਲੇ ਕਦੇ ਕਦੇ ਪਹਾੜ ਵਿਖਾਈ ਦੇਂਦੇ। ਸੂਰਜ ਆਪਣੇ ਮਾਣ ਨਾਲ ਚਮਕ ਰਿਹਾ ਸੀਂ

ਕੁਦਰਤੀ ਨਜਾਰਿਆਂ ਤੇ ਵੈਨਕੂਵਰ ਸ਼ਹਿਰ ਦੀਆਂ ਪਿਆਰੀਆਂ ਛੋਹਾਂ ਦੀਆਂ ਚਸਕਾਂ ਸਹਿੰਦਿਆਂ ਮੈਂ ਆਪਣੇ ਖੱਬੇ ਪਾਸੇ ਵਲ ਤੱਕਿਆ। ਮੇਰੀ ਕਤਾਰ ਵਿਚ ਬੈਠੇ ਬਿਰਧ ਗੋਰਾ ਤੇ ਗੋਰੀ ਬੜੇ ਧਿਆਨ ਨਾਲ ਫੋਟੋ ਵੇਖ ਰਹੇ ਸਨ। ਮੈਂ ਵੀ ਚੋਰ ਨਜ਼ਰੀ ਫੋਟੋ ਵੇਖਣ ਲਗ ਪਿਆ। ਮੇਰੀਆਂ ਨਜ਼ਰਾਂ ਨੂੰ ਤਾੜਦਿਆਂ ਬਿਰਧ ਗੋਰਾ ਬੋਲਿਆ, "ਸਿੰਘ - ਵੇਖ ਮੇਰੇ ਪੁਤਰ ਦਾ ਘਰ ਕਿਨਾਂ ਸੁਹਣੈ — ਘਰ ਵਿਚਲੇ ਤਲਾਬ ਦੀ ਫੋਟੋ, ਉਸਦੀ ਵੱਡੀ ਸਾਰੀ ਅਮਰੀਕਨ ਕਾਰ ਦੀ ਫੋਟੋ, ਪੁਤਰ ਨੂੰਹ ਤੇ ਦੋ ਬੱਚਿਆਂ ਦੀ ਫੋਟੋ ਵਖਾਉਂਦਾ ਦਸਦਾ ਰਿਹਾ ਕਿ ਸਾਡੇ ਪੁਤਰ ਦਾ ਘਰ ਲਗਭਗ ਚਾਰ ਮਿਲੀਅਨ ਡਾਲਰ ਦਾ ਹੋਵੇਗਾ — ਉਹ ਚਾਰ ਪੰਜ ਵਰ੍ਹੇ ਪਹਿਲਾਂ ਹੀ ਵਲੈਤ ਤੋਂ ਇਥੇ ਆਇਆ ਸੀ - ਉਹ ਸੇਲਜ ਮੈਨੇਜਰ ਹੋਣ ਕਰਕੇ ਵੱਖ ਵੱਖ ਮੁਲਕਾਂ ਦੀ ਸੈਰ ਵੀ ਕਰਦੈ — ਬਹੁਤ ਚੰਗਾ ਮੁੰਡਾ ਆ — ਮੇਰਾ ਇਕੋ ਮੁੰਡਾ — ਮੈਂ ਫੈਕਟਰੀ ਵਿਚ ਕੰਮ ਕਰਕੇ ਪੜ੍ਹਾਇਆ ਸੀ —"

ਆਪਣੇ ਪਤੀ ਦੀਆਂ ਗੱਲਾਂ ਸੁਣਕੇ ਬਿਰਧ ਗੋਰੀ ਬੜੇ ਮਾਣ ਨਾਲ ਬੋਲੀ, "ਰੌਜਰ - ਸਿੰਘ ਨੂੰ ਆਪਣੀ ਸੋਨੇ ਦੀ ਘੜੀ ਵਿਖਾ — ਜਿਹੜੀ ਫੈਕਟਰੀ ਵਾਲਿਆਂ ਰਿਟਾਇਰ ਹੋਣ ਤੇ ਦਿਤੀ ਸੀ —"

ਰੌਜਰ ਨੇ ਗੁਟ ਤੇ ਲਗੀ ਸੋਨੇ ਦੀ ਘੜੀ ਵਖਾਉਂਦਿਆਂ ਦਸਿਆ ਕਿ ਚਾਲੀ ਵਰ੍ਹੇ ਇਕੋ ਫੈਕਟਰੀ 'ਕੋਹਰਾ' ਵਿਚ ਕੰਮ ਕੀਤਾ। ਮੈਂ ਰੌਜਰ ਨੂੰ ਕਹਿੰਦਾ ਰੁਕ ਗਿਆ। ਚਾਲੀ ਵਰ੍ਹੇ ਮੇਹਨਤ ਲੁਟਣ ਵਾਲੇ ਦਾਨੀ ਨਹੀਂ ਕਹਾ ਸਕਦੇ। 'ਕੋਹਰਾ' ਦਾ ਨਾਂਓ ਸੁਣਦਿਆਂ ਮੈਂ ਪੁਛਿਆ, "ਤੁਸੀਂ ਵੀ ਲੈਸਟਰ ਜਾਣੇ ?"

'ਹਾਂ - ਬਰਸਟਲ - ਲੈਸਟਰ ਨਾਲ ਦੇ ਪਿੰਡ'

'ਉਹ ਤਾਂ ਮੇਰੇ ਘਰ ਦੇ ਲਾਗੇ ਆ'

ਅਸੀਂ ਇਨ੍ਹਾਂ ਗੱਲਾਂ ਵਿਚ ਰੁਝੇ ਹੋਏ ਸੀ ਕਿ ਵਨ-ਸੁਵੰਨੀਆਂ ਸ਼ਰਾਬ ਦੀਆਂ ਬੋਤਲਾਂ ਨਾਲ ਲਦੀ ਟਰਾਲੀ ਸਾਡੇ ਕੋਲ ਖੜੀ ਕਰਕੇ ਏਅਰ ਹੋਸਟੈਸ ਨੇ ਪੁਛਿਆ, 'ਤੁਸੀਂ ਕੀ ਪੀਣਾ ਪਸੰਦ ਕਰੋਗੇ ?'

ਬਿਰਧ ਗੋਰੇ ਤੇ ਗੋਰੀ ਨੇ ਡਬਲ ਵਿਸਕੀ ਲਈ ਤੇ ਮੈਂ ਜੂਸ ਦੇ ਗਲਾਸ ਲੈਣ ਲਈ ਉਤਰ ਦਿਤਾ। ਜਹਾਜ਼ ਦੀਆਂ ਸੀਟਾਂ ਦੀ ਬਹੁਗਿਣਤੀ ਸਾਹਵੇਂ ਜਾਮ ਛਲਕਣ ਲਗ ਪਏ ਸਨ। ਇਕ ਬਾਦ ਦੂਜਾ, ਦੂਜੇ ਬਾਦ ਤੀਜਾ — ਚੌਥਾ ਪੰਜਵਾ — ਪੀਂਦਿਆਂ ਨੂੰ ਵੇਖਕੇ ਆਪਣੇ ਨਾਲ ਵੈਨਕੂਵਰ ਛੁਟੀਆਂ ਕੱਟਣ ਆਏ ਮਿਤ੍ਰਾਂ ਦੇ ਬੋਲ ਯਾਦ ਆਏ, "ਤਿਪਕਾ ਕੁ ਪੀ ਲਿਆ ਕਰ - ਬੰਦਾ ਰੀਲੈਕਸ ਹੋ ਜਾਂਦੈ — ਐਮੇਂ ਨਹੀਂ ਸੋਚਾਂ ਦੇ ਸਮੁੰਦਰ ਵਿਚ ਡੁਬੇ ਰਹੀਦਾ — ਬੰਦੇ ਨੂੰ ਜ਼ਿੰਦਗੀ 'ਚ ਕੁਝ ਖਾਣਾ ਪੀਣਾ ਚਾਹੀਦੈ —"

ਉਸ ਦਿਨ ਤਾਂ ਕਮਾਲ ਈ ਹੋ ਗਈ ਸੀ। ਅਸੀਂ ਬਿਰਧ ਲੇਖਕ ਮਿਤਰ ਦੇ ਘਰ ਚੌਦਾਂ ਵਰ੍ਹਾ ਪਹਿਲਾਂ ਦੀਆਂ ਯਾਦਾਂ ਤਾਜਾ ਕਰ ਰਹੇ ਸਾਂ, ਜਦੋਂ ਬਾਵਾ ਬਲਵੰਤ ਦੇ ਵਿਛੋੜੇ ਤੇ ਮੇਰਾ ਲੇਖ 'ਪੰਜਾਬੀ ਸਾਹਿਤ ਦਾ ਥੰਮ ਡਿਗ ਪਿਆ' ਪੜ੍ਹਕੇ ਉਨ੍ਹਾ ਬੜੀ ਹਮਦਰਦੀ ਭਰੀ ਚਿਠੀ ਲਿਖੀ ਸੀ — ਅਸੀਂ ਪਤਰਾਂ ਰਾਹੀਂ ਮਿਤਰ ਬਣ ਗਏ ਸਾਂ। ਉਹ ਸਾਹਿਤ ਦੀਆਂ, ਆਪਣੇ ਖਰੜਿਆਂ ਦੀਆਂ, ਗ਼ਦਰੀਆਂ ਬਾਰੇ ਇਕੱਤਰ ਕੀਤੀ ਸਮਗਰੀ ਦੀਆਂ, ਦਿਲਚਸਪ ਗੱਲਾਂ ਸੁਣਾਉਂਦੇ ਰਹੇ। ਜਦੋਂ ਅਸੀਂ ਚਲੇ ਜਾਣ ਲਈ ਕਿਹਾ ਤਾਂ ਪੰਜਤਰ ਵਰ੍ਹਿਆਂ ਦਾ ਬਿਰਧ ਲੇਖਕ ਖੁਲ੍ਹੀ ਲੰਮੀ ਦਾਹੜੀ ਵਿਚ ਜੋਸ਼ ਦੀ ਰੌਅ ਵਿਚ ਉਠਿਆ, "ਜਗਤਾਰ ਯਾਰ — ਤੇਰੇ ਆਉਣ ਦੀ ਖਬਰ ਸੁਣਕੇ ਮੈਂ ਬੋਤਲਾਂ ਲਿਆ ਰਖੀਆਂ ਤੇ ਤੁਸੀਂ ਉਠ ਪਏ ਓ - ਰੋਟੀ ਖਾ ਕੇ ਜਾਣੈ — ਅਰਾਮ ਨਾਲ ਬੈਠ ਜਾਓ" ਉਨ੍ਹਾਂ ਬਜ਼ੁਰਗਾਂ ਵਾਂਗ ਹੁਕਮ ਦੇ ਦਿਤਾ।

ਅਸੀਂ ਪੰਜਾਂ ਜਣਿਆਂ ਇਕ ਦੂਜੇ ਵਲ ਵੇਖਿਆ ਤੇ ਨਜ਼ਰਾਂ ਇਕ ਦੂਜੇ ਨਾਲ ਮਿਲਾਕੇ ਬੈਠ ਗਏ। ਉਨ੍ਹਾਂ ਕਾਹਲੀ ਕਾਹਲੀ ਬੋਤਲਾਂ ਤੇ ਗਲਾਸੀਆਂ ਮੇਜ਼ ਤੇ ਧਰਕੇ ਵਿਸਕੀ ਨਾਲ ਭਰਨੀਆਂ ਸ਼ੁਰੂ ਕਰ ਦਿਤੀਆਂ। ਮੈਂ ਆਪਣੀ ਗਲਾਸੀ ਤੇ ਹੱਥ ਧਰਕੇ ਜੂਸ ਮੰਗਿਆ ਤਾਂ ਉਹ ਖਿੜ ਖਿੜਾਕੇ ਹੱਸੇ ਤੇ ਬੋਲੇ, "ਉਏ - ਤੂੰ ਵਿਸਕੀ ਨਾਲ ਸਾਡਾ ਵਲੈਤ ਵਿਚ ਕੇਸੀ ਇਸ਼ਨਾਨ ਕਰਵਾਇਆ ਸੀ - ਹੁਣ ਦਸਦੈਂ - ਪੀਂਦਾ ਨਹੀਂ"। ਉਨ੍ਹਾਂ ਜਬਰਦਸਤੀ ਮੇਰੀ ਕੈਨੇਡੀਅਨ ਵਿਸਕੀ ਨਾਲ ਗਲਾਸੀ ਭਰ ਦਿਤੀ। ਜਿਵੇਂ ਬੱਚੇ ਨੂੰ ਘੂਰਕੇ ਦਵਾਈ ਪੀਣ ਲਈ ਕਹੀਦੈ ਤੇ ਪਿਆਰ ਨਾਲ ਪ੍ਰੇਰੀਦਾ, "ਬੱਚਾ ਅੱਖਾਂ ਮੀਟਕੇ ਪੀ ਜਾ ਤੂੰ ਕਿਹੜਾ ਅੰਮ੍ਰਿਤ ਛਕਿਐ —" ਇਨ੍ਹਾਂ ਸੋਚਾਂ ਵਿਚ ਮੈਨੂੰ ਹਾਸਾ ਆ ਗਿਆ। ਮੈਂ ਨਜ਼ਰ ਘੁਮਾਕੇ ਜਹਾਜ਼ ਵਿਚ ਆਲੇ ਦੁਆਲੇ ਵੇਖਿਆ। ਮੁਸਾਫਰ ਸ਼ਰਾਬ ਦਾ ਪੂਰਾ ਸਵਾਦ ਲੈ ਰਹੇ ਸਨ। ਮੇਰੀ ਕਤਾਰ ਵਾਲੀ ਬਿਰਧ ਗੋਰੀ ਨੇ ਮੋਹ ਭਰੇ ਲਹਿਜੇ ਨਾਲ ਆਪਣਾ ਸਿਰ ਪਤੀ ਦੇ ਮੋਢਿਆਂ ਤੇ ਸੁਟਿਆ ਹੋਇਆ ਸੀ। ਮੈਨੂੰ ਲਗਾ ਜਿਵੇਂ ਉਸ ਜ਼ਿਆਦਾ ਪੀ ਲਈ ਸੀ।

ਜਹਾਜ਼ ਨੂੰ ਉਡਦਿਆਂ ਦੋ ਘੰਟਿਆਂ ਨਾਲੋਂ ਵਾਧੂ ਸਮਾਂ ਹੋ ਗਿਆ ਸੀ। ਸ਼ਰਾਬ ਦੇ ਚਲਦੇ ਇਸ ਮਾਹੌਲ ਵਿਚ ਵਿਰਧ ਲੇਖਕ ਦੇ ਸ਼ਬਦ ਮੇਰੇ ਕੰਨਾਂ ਵਿਚ ਗੂੰਜਣ ਲਗੇ, "ਤੁਸੀਂ ਸਿਖਾਂ ਨਾਲ ਹੋਏ ਜ਼ੁਲਮ ਦਾ ਅਹਿਸਾਸ ਨਹੀਂ ਕਰ ਸਕਦੇ — ਮੈਂ ਪਾਕਿਸਤਾਨ ਬਣਨ ਸਮੇਂ ਸੌ ਤੋਂ ਵੱਧ ਆਪਣਗ਼ ਪ੍ਰਵਾਰ ਦੇ ਮੈਂਬਰ ਤੇ ਸਾਕ ਸਬੰਧੀ ਗੁਆ ਚੁਕਾ ਹਾਂ — ਤੁਹਾਨੂੰ ਜ਼ੁਲਮ ਦਾ ਕੀ ਅਹਿਸਾਸ — ਤੁਸੀਂ ਅਗਾਂਹਵਧੂ ਲੋਕ ਜਿੰਦਗੀ ਨੂੰ ਸੌੜੀ ਨਜ਼ਰ ਨਾਲ ਵੇਖਦੇ ਹੋ —' ਬਿਰਧ ਲੇਖਕ ਜਿਸ ਆਜ਼ਾਦੀ ਘੁਲਾਟੀਆਂ ਤੇ ਦਰਜਣਾਂ ਨਾਵਲ ਲਿਖੇ ਸਨ। ਉਹ ਸਾਰੇ ਨਾਵਲ ਮੇਰੇ ਸਾਹਮਣੇ ਸਵਾਲ ਬਣ ਖਲੋਏ ਸਨ। ਮੈਂ ਸਤਿਕਾਰ ਨਾਲ ਬਿਰਧ ਲੇਖਕ ਨੂੰ ਕੁਝ ਕਹਿਣਾ ਚਾਹੁੰਦਾ ਸੀ। ਮੇਰੇ ਬੋਲ ਅਜੇ ਮੂੰਹ ਵਿਚ ਹੀ ਸਨ ਕਿ ਮੇਰਾ ਮਿਤਰ ਸਿਮਰਜੀਤ ਬੋਲਿਆ, "ਬਾਬਾ ਜੀ — ਜਿਥੋਂ ਤੱਕ ਸਿਖਾਂ ਨਾਲ ਜ਼ੁਲਮ ਤੇ ਪਾਕਿਸਤਾਨ ਸਮੇਂ ਹੋਏ ਜ਼ੁਲਮ ਦਾ ਸਬੰਧ ਆ — ਇਹ ਦੋ ਵੱਖਰੀਆਂ ਵੱਖਰੀਆਂ ਘਟਨਾਵਾਂ ਤੇ ਵਖੋ ਵੱਖਰੀਆਂ ਪ੍ਰਸਥਿਤੀਆਂ ਦੀ ਪੈਦਾਵਾਰ ਹਨ — ਸਾਮਰਾਜ ਤੋਂ ਦੇਸ਼ ਨੂੰ ਆਜ਼ਾਦ ਕਰਵਾਉਂਦਿਆਂ ਜੋ ਦੇਸ਼ ਭਗਤ ਲਹਿਰ ਉਸਰੀ ਸੀ — ਉਸ ਅੱਗੇ ਸਾਮਰਾਜ ਗੋਡੇ ਤਾਂ ਟੇਕ ਗਿਆ — ਪਰ ਜਾਂਦਾ ਹੋਇਆ ਦੇਸ਼ ਦੇ ਟੋਟੇ ਕਰ ਗਿਆ — ਧਰਮ ਦੇ ਨਾਂਓ ਥਲੇ ਪਾਕਿਸਤਾਨ ਖੜਾ ਕਰ ਗਿਆ — ਧਰਮ ਉਸ ਦੇਸ਼ ਨੂੰ ਇਕੱਠਾ ਨਾ ਰਖ ਸਕਿਆ। ਬੰਗਲਾ ਦੇਸ਼ ਵਿਚੋਂ ਪੈਦਾ ਹੋ ਗਿਆ। ਧਰਮ ਤੇ ਸਿਆਸਤ ਅਜਿਹੀਆਂ ਦੋ ਤਲਵਾਰਾਂ ਹਨ ਜੋ ਇਕ ਮਿਆਨ ਵਿਚ ਨਹੀਂ ਸਮਾ ਸਕਦੀਆਂ। ਸਿਖਾਂ ਨਾਲ ਜ਼ੁਲਮ ਨਹੀਂ - ਪੰਜਾਬ ਨਾਲ ਜ਼ੁਲਮ ਕਹਿਣਾ ਠੀਕ ਜਚਦੈ — ਹਿੰਦੂ ਸਿਖ ਏਕਤਾ ਫਿਰਕੂ ਜ਼ਹਿਰ ਦੇ ਟੋਟੇ ਚੜ੍ਹੀ ਹੋਈ ਐ — ਹਿੰਦੂ-ਸਿੱਖ ਸਧਾਰਨ ਲੋਕਾਂ ਦੇ ਕਤਲ ਹੋ ਰਹੇ ਆ — ਦਹਿਸ਼ਤਗਰਦੀ ਜਿਸ ਢੰਗ ਨਾਲ ਫੈਲੀ ਆ — ਇਹ ਸਾਡੇ ਦੇਸ਼ ਵਿਚ ਸਾਮਰਾਜ ਵਲੋਂ ਪੈਦਾ ਕੀਤਾ ਹੋਇਆ ਜ਼ੁਲਮ ਐ - ਦੇਸ਼ ਦੀ ਏਕਤਾ ਨੂੰ ਖਤਰੈ — ਹਾਕਮ ਜਮਾਤ ਇਸ ਖਤਰੇ ਨੂੰ ਭਾਂਪ ਨਹੀਂ ਰਹੀ ਸਗੋਂ ਵੱਖਵਾਦ ਨੂੰ ਪੰਜਾਬ ਦਾ ਸਮਝੌਤਾ ਲਾਗੂ ਨਾ ਕਰਕੇ ਹੋਰ ਹੱਲਾਸ਼ੇਰਹ ਦੇ ਰਹੀ ਆ ———"

ਸਿਮਰਜੀਤ ਦੀ ਦਲੀਲ ਸੁਣਕੇ ਉਹ ਰੋਹਬ ਨਾਲ ਕੁਝ ਕੜਕ ਕੇ ਬੋਲੇ, "ਤੁਸੀਂ ਲੋਕ ਜ਼ੁਲਮ ਨੂੰ ਨਹੀਂ ਸਮਝ ਸਕਦੇ .... ਤੁਸੀਂ ਕਲ ਦੇ ਛੋਕਰੇ ਹੋ —"

"ਬਾਬਾ ਜੀ - ਸਾਡੀ ਮੁਸ਼ਕਲ ਇਹ ਐ ਕਿ ਅਸੀਂ ਜ਼ੁਲਮ ਤੇ ਉਸ ਦੇ ਪਿਛੋਕੜ ਨੂੰ ਜਮਾਤੀ ਪਖੋਂ ਘੋਖਦੇ ਆਂ —" ਮੈਂ ਧੀਮੇਂ ਜਹੇ ਕਿਹਾ ਸੀ।

ਖਾਣੇ ਵਾਲੀ ਰੇੜ੍ਹੀ ਨੇ ਮੇਰੀ ਯਾਦਾਂ ਦੀ ਲੜੀ ਤੋੜ ਦਿਤੀ ਸੀ ਚਿਕਨ, ਸੈਲਡ, ਚੌਲ, ਬਰੈਡ, ਬਟਰ ਤੇ ਮਿਕਸ ਫਰੂਟ ਦੀਆਂ ਪਲੇਟਾਂ ਮੇਰੇ ਛੋਟੇ ਜਹੇ ਮੇਜ ਤੇ ਸਜ ਗਈਆਂ ਸਨ। ਨਾਈਫ ਤੇ ਫੋਰਕ ਵਰਤਣ ਵਿਚ ਸਭ ਰੁਝ ਗਏ ਸਨ। ਖਾਣੇ ਬਾਦ ਚਾਹ ਤੇ ਕੌਫੀ ਦਾ ਦੌਰ ਚਲਿਆ ਚਾਹ ਦੀ ਕੇਤਲੀ ਵੇਖ ਕੇ ਮੈਂ ਉਦਾਸ ਹੋ ਕੇ ਇਕ ਬਹੁਤ ਲੰਮਾ ਹੋਕਾ ਲਿਆ। ਮੇਰਾ ਹੋਕਾ ਸੁਣਕੇ ਬਿਰਧ ਗੋਰਾ ਬੋਲਿਆ, "ਸਿੰਘ! ਤੂੰ ਠੀਕ ਏਂ ?"

ਮੈਂ ਹਾਂ ਵਿਚ ਸਿਰ ਹਿਲਾਇਆ ਸੀ। ਚਾਹ ਵੇਖਕੇ ਮੈਨੂੰ ਬਾਊ ਜੀ ਬਹੁਤ ਯਾਦ ਆਏ। ਉਹ ਸੱਤਰਾਂ ਤੋਂ ਟੱਪ ਚੁਕੇ ਹਨ। ਬੀਮਾਰੀ ਕਾਰਣ ਉਨ੍ਹਾਂ ਦੀ ਖੱਬੀ

ਬਾਕੀ ਪੰਨਾ 16 ਉਤੇ

ਪੰਨਾ 15 ਦੀ ਬਾਕੀ

ਲੱਤ ਕਾਫੀ ਕਮਜ਼ੋਰ ਹੋ ਚੁਕੀ ਸੀ। ਉਹ ਸਵੇਰ ਨੂੰ ਸਭ ਤੋਂ ਪਹਿਲਾਂ ਉਠਦੇ। ਕੇਤਲੀ ਵਿਚ ਅਧਰਕ, ਚਾਹ, ਲੈਚੀਆਂ ਤੇ ਦਾਲਚੀਨੀ ਪਾ ਕੇ ਕਾੜ੍ਹ ਕਾੜ੍ਹ ਕੇ ਚਾਹ ਬੁਣਾਉਂਦੇ ਤੇ ਫਿਰ ਖੂੰਡੀ ਦੇ ਸਹਾਰੇ ਸਾਡੇ ਕਮਰਿਆਂ ਵਿਚ ਆ ਕੇ ਸਾਨੂੰ ਜਗਾਉਂਦੇ, "ਉਠੋ ਬਈ ਜੁਆਨੋ - ਚਾਹ ਪੀਓ" ਬਾਊ ਜੀ ਦੀ ਚਾਹ ਵਾਰੇ ਪਹਿਲੇ ਦਿਨ ਈ ਬੀਬੀ ਜੀ ਨੇ ਸਾਨੂੰ ਚੌਕੰਨੇ ਕਰ ਦਿਤਾ ਸੀ, "ਆਪਣੇ ਬਾਊ ਜੀ ਦੀ ਚਾਹ ਪੀਕੇ ਸਾਰਾ ਦਿਨ ਚੁਟਕੀਆਂ ਬਜਾਉਂਦੇ ਫਿਰੋਗੇ।" ਅਸੀਂ ਟੇਬਲ ਦੁਆਲੇ ਸਜ ਜਾਂਦੇ। ਗੱਪਾਂ ਮਾਰਦੇ। ਬਾਊ ਜੀ ਦੇ ਸ਼ੇਅਰ ਸੁਣਦੇ। ਬਾਊ ਜੀ ਦਾ ਵਲੈਤ ਵਾਲਾ ਪੁਤਰ ਤੇ ਭਾਰਤ ਵਾਲਾ ਪੁਤਰ ਵੀ ਵੈਨਕੂਵਰ ਪੁਜੇ ਹੋਏ ਸਨ। ਉਹ ਬਹੁਤ ਖੁਸ਼ ਸਨ। ਉਨ੍ਹਾਂ ਦਾ ਵੱਡਾ ਪੁੱਤਰ ਰਿਸ਼ਤੇਦਾਰਾਂ ਨਾਲ ਵਾਕਫੀ ਕਰਵਾਉਣ ਵੇਲੇ ਬੜੇ ਮਾਣ ਤੇ ਸਤਿਕਾਰ ਨਾਲ ਮੇਰੇ ਵਾਰੇ ਦਸਦਾ — "ਇਹ ਮੈਥੋਂ ਛੋਟਾ ਆ — ਅਸੀਂ ਪੰਜ ਭਰਾ ਆਂ —" ਉਸ ਦੇ ਮੋਹ ਭਰੇ ਬੋਲ ਸੁਣਕੇ ਇਕ ਦਿਨ ਤਾਂ ਮੇਰੀਆਂ ਅੱਖਾਂ ਵਿਚ ਪਾਣੀ ਆ ਗਿਆ ਸੀ। ਵਲੈਤ ਵਿਚ ਰਹਿੰਦਿਆਂ ਲੋਕਾਂ ਨੂੰ ਜਗਤਾਰ ਤੇ ਕਰਤਾਰ ਦੇ ਫਰਕ ਦਾ ਪਤਾ ਤੱਕ ਨਹੀਂ ਸੀ ਹੁੰਦਾ। ਸਾਡੇ ਪਿਆਰ ਦੀਆਂ ਕਈ ਕੜੀਆਂ ਸਨ। ਸਾਹਿਤ, ਸਿਆਸਤ ਤੇ ਲੋਕ ਨਾਚ। ਸਭ ਵੱਡੀ ਕੜੀ ਜ਼ਿੰਦਗੀ ਦਾ ਉਹ ਸੱਚ ਸੀ। ਜੋ ਅਸਾਂ ਪਲੇ ਬੰਨ੍ਹ ਲਿਆ ਸੀ "ਗੁਆਉਣ ਲਈ ਤਾਂ ਜੰਜੀਰਾਂ ਹਨ — ਪਾਉਣ ਲਈ ਜਿੰਦਗਾਨੀ ਹੈ" ਭਾਰਤ ਜਾ ਕੇ ਕਰਤਾਰ ਬਾਊ ਜੀ ਦੇ ਕਸਮ ਖੁਆਉਣ ਤੇ ਕੁਝ ਸਮੇਂ ਲਈ ਸਰਗਰਮ ਤਾਂ ਨਾ ਰਹਿ ਸਕਿਆ। ਪਰ ਜਜ਼ਬਾਤ ਕਲਮੀ ਰੂਪ ਵਿਚ ਪਰਚੰਡ ਹੁੰਦੇ ਰਹੇ। ਸੂਹੀ ਸੋਚ ਹੋਰ ਸੂਹੀ ਹੁੰਦੀ ਗਈ। ਗਲ ਕੀ — ਬਾਊ ਜੀ ਦੇ ਸਾਰੇ ਪੁਤਰ ਜ਼ਿੰਦਗੀ ਨੂੰ ਜੰਜੀਰਾਂ ਤੋਂ ਅਜ਼ਾਦ ਕਰਵਾਉਣ, ਜ਼ਿੰਦਗੀ ਵਿਚ ਮਹਿਕਾਂ ਭਰਨ ਵਾਲੀ ਸੂਹੀ ਸੋਚ ਦੇ ਸਿਪਾਹੀ ਬਣ ਗਏ। ਬਾਊ ਜੀ ਸਮੇਂ ਦੇ ਦੌਰ ਵਿਚ ਹੋਈ ਤਬਦੀਲੀ ਨੂੰ ਵੇਖ ਤਾਂ ਰਹੇ ਸਨ ਪਰ ਮੰਨਣਾ ਔਖਾ ਸੀ।

ਬਾਊ ਜੀ ਦੀ ਚਾਹ ਤੇ ਤਾਂ ਮੈਂ ਕਾਇਲ ਹੋ ਹੀ ਚੁਕਾ ਸੀ ਪਰ ਬਾਊ ਜੀ ਦੀ ਬੁਢੇਪੇ ਸਮੇਂ ਬੀਮਾਰੀ ਨਾਲ ਚਲ ਰਹੀ ਜਦੋ ਜਹਿਦ ਤੋਂ ਮੈਂ ਬਹੁਤ ਪ੍ਰਭਾਵਤ ਹੋਇਆ ਹਾਂ। ਉਹ ਅੰਤਰੀ ਬੀਮਾਰੀ ਵਾਰੇ ਕਦੇ ਹਿਰਖ ਨਹੀਂ ਕਰਦੇ। ਕਦੇ ਜੇ ਉਨ੍ਹਾਂ ਦੀ ਲੱਤ ਖੜੀ ਹੋ ਜਾਂਦੀ। ਉਹ ਆਪਣੀ ਸੋਟੀ ਤੇ ਹਿੰਮਤ ਦੇ ਸਹਾਰੇ ਉਠਦੇ। ਜਦੋਂ ਗੱਲਾਂ ਕਰਦੇ ਇੰਝ ਲਗਦੈ ਜਿਵੇਂ ਉਨ੍ਹਾਂ ਨੂੰ ਕੋਈ ਬੀਮਾਰੀ ਨਾ ਹੋਵੇ। ਉਹ ਮੈਨੂੰ ਜਹਾਜ਼ ਚੜ੍ਹਾਉਣ ਆਏ। ਉਨ੍ਹਾਂ ਗੋਡੀਂ ਹੱਥ ਲਾਉਂਦਿਆਂ ਮੇਰਾ ਮਨ ਭਰ ਆਇਆ ਸੀ। ਧੌਣ ਨੀਵੀਂ ਕਰੀ ਮੈਂ ਬੀਬੀ ਜੀ ਦੇ ਪੈਰੀਂ ਹੱਥ ਲਾਉਣ ਲਈ ਝੁਕਿਆ — ਤਾਂ ਉਨਾਂ ਸੀਨੇ ਨਾਲ ਲਾਕੇ ਪਿਆਰ ਦਿਤਾ। ਮੈਨੂੰ ਪਹਿਲੀ ਵਾਰ ਮਾਂ ਪਿਆਰ ਤੇ ਮਮਤਾ ਨੇ ਹਲੂਣਿਆ ਸੀ। ਇਨ੍ਹਾਂ ਮੋਹ ਭਰੀਆਂ ਯਾਦਾਂ ਨਾਲ ਮੇਰੀਆਂ ਅੱਖਾਂ ਸੇਜਲ ਹੋ ਗਈਆਂ ਸਨ।

ਬਿਰਧ ਗੋਰਾ ਤੇ ਗੋਰੀ ਇਕ ਦੂਜੇ ਨਾਲ ਸਿਰ ਜੋੜੀ ਘੁਰਾੜੇ ਮਾਰਨ ਲਗ ਪਏ ਸਨ। ਜਹਾਜ਼ ਵਲੈਤ ਵੱਲ ਉੜ ਰਿਹਾ ਸੀ। ਮੇਰੀ ਸੋਚ ਵੈਨਕੂਵਰ ਵਲ। ਜਹਾਜ਼ ਨੂੰ ਉੜਦਿਆਂ ਪੰਜ ਘੰਟੇ ਹੋ ਗਏ ਸਨ। ਕਾਫੀ ਮੁਸਾਫਰ ਸੌਂ ਗਏ ਸਨ। ਮੈਨੂੰ ਨੀਂਦ ਨਹੀਂ ਸੀ ਆ ਰਹੀ। ਅੱਖਾਂ ਮੀਟਕੇ ਸੌਣ ਦਾ ਯਤਨ ਕੀਤਾ ਤਾਂ ਚਾਂਦੀ ਰੰਗੀ ਦਾੜ੍ਹੀ ਵਾਲਾ ਬਿਰਧ ਲੇਖਕ ਅੱਖਾਂ ਮੋਹਰੇ ਸੂਹੇ ਚਿਹਰੇ ਵਿਚ ਫਿਰ ਆਣ ਖਲੋਇਆ, "ਮੈਂ ਬਥੇਰੀਆਂ ਜਮਾਤਾਂ ਪੜ੍ਹੀਆਂ ਭਾਰਤ ਵਿਚ ਵੀ ਤੇ ਇਥੇ ਵੀ - ਤੁਹਾਨੂੰ ਜ਼ੁਲਮ ਦਾ ਕੀ ਪਤੈ —"

ਬਿਰਧ ਲੇਖਕ ਨੂੰ ਕੁਝ ਤਾਂ ਸ਼ਰਾਬ ਦਾ ਨਸ਼ਾ ਸੀ। ਸ਼ਾਇਦ ਕੁਝ ਉਮਰ ਤੇ ਤਜਰਬੇ ਦਾ ਵੀ। ਬਿਰਧ ਲੇਖਕ ਦੀ ਗਲ ਸੁਣਕੇ ਕਰਤਾਰ ਬੋਲਿਆ, "ਅਸੀਂ ਤਾਂ ਦੋ ਜਮਾਤਾਂ ਦੇ ਵਿਦਿਆਰਥੀ ਆ। ਇਨ੍ਹਾਂ ਦੋਵਾਂ ਵਿਚੋਂ ਇਕ ਸਾਡੀ ਮਿੱਤਰ ਜਮਾਤ ਆ — ਉਹ ਲੋਕਾਂ ਦੀ — ਦੂਜੀ ਦੁਸ਼ਮਣ ਆ - ਉਹ ਆ ਰਤ ਪੀਣੀਆਂ ਜੋਕਾਂ ਦੀ — ਅਸੀਂ ਤਾਂ ਇਨ੍ਹਾਂ ਨੂੰ ਪੜ੍ਹਦੇ ਪੜ੍ਹਾਂਦੇ ਤੁਰੇ ਜਾ ਰਹੇ ਹਾਂ --"

"ਤੁਸੀਂ ਤੁਰੇ ਰਹੋ — ਤੁਹਾਨੂੰ ਜ਼ੁਲਮ ਸਮਝ ਨਹੀਂ ਆਉਣਾ"

"ਬਾਬਾ ਜੀ, ਕਲ ਜ਼ੁਲਮ ਤਾਂ ਫਾਰਮ ਵਰਕਰਾਂ ਦੇ ਮੁਜ਼ਾਹਰੇ ਸਮੇਂ ਖਾਲਿਸਤਾਨੀਆਂ ਨੂੰ ਵੀ ਸਮਝ ਆ ਗਿਆ ਸੀ — ਕੋਚਾਂ ਭਰਕੇ ਗੁਰਦੁਆਰਿਆਂ ਵਿਚੋਂ ਲੋਕਾਂ ਦੀਆਂ ਲਿਆਏ ਸੀ — ਸੋਲਾਂ ਹਫਤੇ ਦੀਆਂ ਇਨਸ਼ੋਅਰੈਂਸ ਸਟੈਂਪਾਂ ਨਾ ਪੂਰੀਆਂ ਹੋਣ ਤੇ ਨਾ ਕਿਸੇ ਨੂੰ ਬੇਰੁਜ਼ਗਾਰੀ ਭੱਤਾ ਮਿਲੇ — ਫਾਰਮਾਂ ਵਿਚ ਕੰਮ ਤਾਂ ਮਸਾਂ ਬਾਰਾਂ ਹਫਤੇ ਚਲਦਾ ਆ — ਬਾਰਾਂ ਹਫਤਿਆਂ ਤੋਂ ਸੋਲਾ ਹਫਤਿਆਂ ਦੇ ਜ਼ੁਲਮ ਦੀ ਗਲ, ਸਮਝ ਛੇਤੀ ਪੈਂਦੀ ਆ — ਇਹ ਰੋਟੀ ਤੇ ਹਮਲਾ ਆ — ਇਸ ਲਈ ਕਿਸੇ ਮਨਿਸਟਰ ਦੇ ਗੋਲੀ ਨਹੀਂ ਦਾਗੀ ਜਾਂਦੀ ਤੇ ਨਾ ਹੀ ਦੇਸ਼ ਦੀ ਹਕੂਮਤ ਦੇ ਸਰਕਾਰੀ ਅਸਥਾਨਾਂ ਨੂੰ ਉੜਾਨ ਦੀ ਸਾਜ਼ਿਸ਼ ਬਣਾਈ ਜਾਂਦੀ ਆ। ਬਾਰਾਂ ਹਫਤਿਆਂ ਦੀਆਂ ਸਟੈਂਪਾਂ ਦੇ ਘੋਲ ਲਈ - ਬੇਰੁਜ਼ਗਾਰੀ ਦੂਰ ਕਰਨ ਲਈ ਗੁਰਦੁਆਰਿਆਂ ਵਿਚ ਅਖੰਡਪਾਠ ਕਿਉਂ ਨਹੀਂ ਰਖੇ ਜਾਂਦੇ — ਇਸ ਲਈ ਕਿ ਅਕਾਸ਼ ਵਿਚ ਤੱਕਣ ਨਾਲ — ਮੂੰਹ ਵਿਚ ਰੋਟੀ ਨਹੀਂ ਪੈਂਦੀ — ਮੂੰਹ ਵਿਚ ਰੋਟੀ ਪਾਉਣ ਲਈ ਕਿਰਤ ਦੀ ਲੋੜ ਆ —" ਮਿੰਦਰ ਦੀ ਗੱਲ ਸੁਣਕੇ ਬਾਬਾ ਚੁਪ ਕਰ ਗਿਆ ਤੇ ਗੱਲ ਨੂੰ ਸਮਝਕੇ ਆਪੇ ਮੰਨਿਆ 'ਬਈ 'ਰੋਟੀ' ਤੇ 'ਰੱਬ' 'ਧਰਮ' ਤੇ 'ਸਿਆਸਤ' ਸੱਚ ਮੁੱਚ ਨਾ ਮਿਲਣ ਵਾਲੀਆਂ ਦੋ ਸਮਾਨਅੰਤਰ ਲਾਈਨਾਂ ਹਨ — ਇਕ ਦੀ ਹੋਂਦ ਧਰਤ ਤੇ ਆ — ਦੂਜੀ ਦੀ ਅਕਾਸ਼ ਵਿਚ —'

ਮੇਰਾ ਜਹਾਜ਼ ਧਰਤੀ ਤੇ ਅਕਾਸ਼ ਦੇ ਵਿਚਕਾਰ ਉੜ ਰਿਹਾ ਸੀ। ਗੈਟਵਿਕ ਪਹੁੰਚਣ ਲਈ ਦੋ ਘੰਟੇ ਰਹਿ ਗਏ ਸਨ। ਚਾਹ ਦੀ ਟਰਾਲੀ ਸਵੇਰੇ ਦੇ ਨਾਸ਼ਤੇ ਸਮੇਤ ਆ ਗਈ ਸੀ। ਟਾਇਲਟਾਂ ਅਗੇ ਲੰਮੀਆਂ ਲਾਈਨਾਂ ਲਗ ਗਈਆਂ ਸਨ। ਬਿਰਧ ਗੋਰਾ ਤੇ ਗੋਰੀ ਨੇ ਮੇਰੇ ਵੱਲ ਮੁਸਕਰਾਹਟ ਛੱਡੀ। ਗੋਰੇ ਨੇ ਮੈਨੂੰ ਪੁਛਿਆ, "ਸਿੰਘ! ਤੂੰ ਸਿਖ ਏਂ ?"

"ਨਹੀਂ ! ਮੈਂ ਪੰਜਾਬੀ ਆਂ"

"ਤੂੰ ਪੱਗ ਕਿਉਂ ਬੰਨਦਾ ਏ ?"

"ਪੰਜਾਬੀ ਹੋਣ ਨਾਤੇ"

ਉਹ ਮੇਰਾ ਉਤਰ ਸੁਣਕੇ ਚੁਪ ਕਰ ਗਿਆ। ਉਹ ਮੈਨੂੰ ਪੁਛਣ ਲਗ ਪਿਆ ਕਿ ਵੈਨਕੂਵਰ ਐਕਸਪੋ ਵੇਖੀ ਸੀ। ਉਹ ਜਾਪਾਨ, ਅਮਰੀਕਾ, ਇੰਗਲੈਂਡ ਤੇ ਅਮਰੀਕਾ ਦੇ ਪੈਵਲੀਅਨਾਂ ਦੀਆਂ ਸਿਫਤਾਂ ਕਰਦੇ ਰਹੇ। ਮੈਂ ਰੂਸ ਤੇ ਚੀਨ ਦੀ ਪੈਵੀਲੀਅਨਾਂ ਦੀ ਆਰਥਕ, ਤਕਨੀਕੀ, ਕਲਾ, ਕਲਚਰ ਤੇ ਵਿਗਿਆਨਕ ਉਸਾਰੀ ਪਖੋਂ ਸ਼ਲਾਘਾ ਕਰਨ ਲਗ ਪਿਆ। ਉਥੇ ਇਨਫਲੇਸ਼ਨ ਤੇ ਬੇਰੁਜ਼ਗਾਰੀ ਤੇ ਗਰੀਬੀ ਬਿਲਕੁਲ ਨਹੀਂ ---"

ਗੋਰੀ ਮੇਰੀਆਂ ਗੱਲਾਂ ਸੁਣਕੇ ਬੋਲੀ, "ਤੂੰ ਬਹੁਤ ਸੁਹਣੀ ਅੰਗਰੇਜ਼ੀ ਬੋਲਦਾ ਏਂ - ਤੂੰ ਬਹੁਤ ਸਭਿਅਕ ਮਨੁਖ (ਕਲਚਰਡ) ਏਂ — ਤੁਹਾਡੇ ਲੋਕਾਂ ਨੂੰ ਤੇਰੇ ਵਾਂਗ ਅੰਗਰੇਜ਼ੀ ਬੋਲਣੀ ਸਿਖਣੀ ਚਾਹੀਦੀ ਐ —" ਗੋਰੀ ਦੇ ਸਾਮਰਾਜੀ, ਨਸਲਵਾਦੀ - ਨਫਰਤ ਭਰੇ ਬੋਲ ਸੁਣਕੇ ਮੇਰੇ ਸੀਨੇ ਤਲਵਾਰ ਫਿਰ ਗਈ ਤੇ ਮੈਂ ਰੋਹ ਨਾਲ ਕਿਹਾ, "ਤੁਹਾਡੇ ਦਿਮਾਗ ਵਿਚ ਇਸ ਸ਼ਬਦ ਦਾ ਪੁਰਜਾ ਰਖਣ ਵਾਲੇ ਦਰਅਸਲ ਸਭਿਆ ਦੇ ਕਾਤਿਲ ਆ — ਜਾਬਰ ਕਲਚਰ ਦੇ ਵਿਰੁਧ ਹਰ ਬੋਲੀ ਵਿਚ ਅਵਾਜ਼ ਬੁਲੰਦ ਕਰਨੇ ਵਾਲੇ ਉਹ ਸਭ ਲੋਕ ਦੁਨੀਆਂ ਦੇ ਮਹਾਨ ਤੇ ਸਭਿਅਕ ਮਨੁੱਖ ਹਨ — ਬੋਲੀ, ਧਰਮ, ਰੰਗ, ਜਾਤਾਂ, ਨਸਲਾਂ ਸਭ ਜਾਬਰ ਜਮਾਤ ਦੇ ਹਥਿਆਰ ਆ। ਲੋਕਾਂ ਨੂੰ ਵੰਡਣ ਲਈ ਕਿਰਤੀ ਲੋਕਾਂ ਦੀ ਮੇਹਨਤ ਲੁਟਣ ਲਈ ---"

ਮੇਰੇ ਸ਼ਬਦ ਸੁਣਕੇ ਗੋਰੇ ਤੇ ਗੋਰੀ ਨੂੰ ਇੰਝ ਲਗਾ ਜਿਵੇਂ ਉਨ੍ਹਾਂ ਦੀ ਸੋਚ ਦੇ ਜਹਾਜ਼ ਦੇ ਖੰਭ ਟੁੱਟ ਗਏ ਹੋਣ ਤੇ ਸਰੀਰ ਤੂੰਬਾ ਤੂੰਬਾ ਹੋ ਧਰਤੀ ਤੇ ਡਿਗ ਰਿਹਾ ਹੋਵੇ

ਨਿਹੰਗ ਮੁਖੀ ਤੇ ਹਮਲੇ ਸਬੰਧੀ 4 ਪੁਲੀਸ ਮੁਲਾਜ਼ਮ ਬਰਤਰਫ

ਅੰਮ੍ਰਿਤਸਰ — ਤਰਨਾ ਦਲ ਦੇ ਮੁਖੀ ਬਾਬਾ ਅਜੀਤ ਸਿੰਘ ਉਪਰ ਪਿੰਡ ਪੂਹਲਾ ਵਿਖੇ ਹੋਏ ਹਮਲੇ ਦੇ ਸਬੰਧ ਵਿਚ ਪੰਜਾਬ ਪੁਲੀਸ ਦੇ ਇਕ ਹੈਡ ਕਾਂਸਟੇਬਲ ਤੇ ਤਿੰਨ ਕਾਂਸਟੇਬਲਾਂ ਨੂੰ ਡਿਊਟੀ ਤੋਂ ਕੋਤਾਹੀ ਦੇ ਦੋਸ਼ ਵਿਚ ਬਰਤਰਫ ਕਰ ਦਿਤਾ ਗਿਆ ਹੈ। ਜ਼ਿਲਾ ਪੁਲੀਸ ਮੁਖੀ ਮੁਹੰਮਦ ਇਜ਼ਹਾਰ ਆਲਮ ਨੇ ਇਹ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬਾਕੀ ਤਿੰਨ ਕਾਂਸਟੇਬਲਾਂ ਨੂੰ ਦੋਸ਼ ਮੁਕਤ ਕਰ ਦਿਤਾ ਗਿਆ ਹੈ। ਨੌਕਰੀਓਂ ਹਟਾਏ ਗਏ ਹੈਡ ਕਾਂਸਟੇਬਲ ਦਾ ਨਾਮ ਗੁਰਤੇਜ ਸਿੰਘ ਹੈ ਜਦ ਕਿ ਬਾਕੀ ਤਿੰਨ ਕਾਂਸਟੇਬਲਾਂ ਵਿਚੋਂ ਦੋਹਾਂ ਦਾ ਨਾਮ ਜਸਵੰਤ ਸਿੰਘ ਤੇ ਤੀਸਰਾ ਜਸਵਿੰਦਰ ਸਿੰਘ ਹੈ। ਇਹ ਚਾਰੇ ਡਿਊਟੀ ਤੋਂ ਗੈਰ ਹਾਜ਼ਰ ਪਾਏ ਗਏ ਸਨ।

ਹਮਲਾਵਰ ਬਾਬਾ ਅਜੀਤ ਸਿੰਘ ਤੇ ਉਨ੍ਹਾਂ ਦੇ ਸਾਥੀ ਜੋਗਾ ਸਿੰਘ ਨੂੰ ਜ਼ਖਮੀ ਕਰਨ ਪਿਛੋਂ ਇਕ ਸਰਕਾਰੀ ਗੰਨਮੈਨ ਦੀ ਸਟੇਨਗੰਨ ਅਤੇ ਇਕ ਲਸੰਸੀ ਕਾਰਬਾਈਨ ਲੈ ਗਏ ਸਨ। ਉਨ੍ਹਾਂ ਦੱਸਿਆ ਕਿ ਵੱਡੀ ਪੱਧਰ ਉਪਰ ਯਤਨ ਕੀਤੇ ਜਾਣ ਦੇ ਬਾਵਜੂਦ ਹਾਲਾਂ ਕੋਈ ਗ੍ਰਿਫਤਾਰੀ ਨਹੀਂ ਹੋ ਸਕੀ।

ਛਪਦੇ ਛਪਦੇ .... ਪਾਕਿਸਤਾਨ ਵਿਚ ਨਵੀਂ ਲੋਕ-ਜਮਹੂਰੀ ਪਾਰਟੀ ਕਾਇਮ

ਕਰਾਚੀ — ਪਾਕਿਸਤਾਨ ਵਿਚ ਚਾਰ ਖੱਬੇ ਪੱਖ ਦੀਆਂ ਪ੍ਰਾਂਤਕ ਪਾਰਟੀਆਂ ਨੇ ਆਪਣੇ ਆਪ ਨੂੰ ਇਕ ਨਵੀਂ ਪਾਰਟੀ ਅਵਾਮੀ ਨੈਸ਼ਨਲ ਲੀਗ ਵਿਚ ਜਥੇਬੰਦ ਕਰ ਲਿਆ ਹੈ। ਇਸ ਪਾਰਟੀ ਦਾ ਇਕ ਸਾਲ ਲਈ ਪ੍ਰਧਾਨ ਖਾਨ ਵਲੀ ਖਾਨ ਚੁਣਿਆ ਗਿਆ ਹੈ। ਇਕ ਸਾਲ ਤੋਂ ਪਿਛੋਂ ਜਮਹੂਰੀ ਚੋਣ ਦੁਆਰਾ ਮੈਂਬਰਸ਼ਿਪ ਉਤੇ ਆਧਾਰਿਤ ਤਿੰਨ ਸਾਲਾਂ ਲਈ ਜਥੇਬੰਦਕ ਚੋਣ ਹੋਵੇਗੀ।

Hindu Communalism

Punjab is the gateway to India from the west and the Punjabi people including those who are how in Pakistan had always borne the brunt of foreign invasions. They had, thus, hardly any respite for centuries. The climate was not propitious for literature and culture of any sort. In this process, the mother tongue was neglected, and learning of Sanskirt also dwindled. After the Muslim rule, the problem became more complex with the influx pf Persian language and literature. All these factors distorted the evolution of Punjabi speaking people as a distinct entity.

Before the partition of Punjab in 1947 and thereof the Punjabi speaking people, Punjab had two distinct language areas, which however, telescoped imperceptibly into one another. These areas broadly were Hindi (or Lahnda) in West Punjab and Punjabi proper in East Punjab. Western Punjabi was not a single language. It was a group of dialects, which could never be bound together by a common literary thread. These dialects were current in the North-Western Frontier Province (NWFP) and in West Punjab. Multani, the Shahpur district speech, the speech around Attock and western Punjabi remained undeveloped throughout the last weo to three centuries barring a few song and ballad compositions. On the other hand, east Punjabi had some literary life, mostly under the inspiration of the Sikh religion, though a good number of Hindu and Muslim writers too made valuable contributions.

Till 1947, Punjabi was written in three alphabets — Gurmukhi, Nagari and Perso-Arabic. Gurmukhi and Nagari are allied scripts and very similar to each other.

For certain historical reasons, the Punjabi speaking people from West Punjab neglected their mother tongue and took up the readymade early Hindi speeches of gangetic India in various forms. On the other hand, by the beginning of the 17th century, Punjabi had already developed into a full-fledged language. Gurmukhi script was fashioned in the 16th century under the Sikh gurus and on the basis of Lahnda as also under strong influence of Nagari. It was after this that Punjabi literature started flourishing. In the 15th-16th century, Guru Nanak's compositions (1469-1538), though not written in pure Punjabi, elevated the language to a higher level. The fifth Guru, Arjun complied about 1605 A.D. the poems of Guru Nanak and his successors including himself, and also the 'Hindi' hymns of a number of BHAKTI saints earlier to Guru Nanak such as Kabir, and others. This collection suppliemented by certain other Granth Sahib. Strictly speaking, it is not in Punjabi. Guru Gobind Singh (1675-1708) and some poets of his time wrote a number of religious works in verse. Some of them are in old Hindi and others in Punjabi. A second Jenam-Sakhi was composed by Sewa Singh and a third by Mani Singh, both are in eastern Punjabi.

All these facts help to show that the evolution of the Punjabi language is closely related with Sikh religious scriptures. Though this was the main source of the Punjabi language and its literature, there were other currents also. In the 16th century, a poet named Damodar of Jhang (now in pakistan) is said to have composed during the reign of Akbar, a poem immortalising the story of Hir and Ranjha in one thousand stanzas. It is still the most popular folk song on both sides of the Indo-Pak border.

In the 17th century, another turning point in the history of the Punjabi language began when Muslim, Hindu and some Sikh writers started writing in Punjabi. In fact, it will not be incorrect to say that Hindu and Muslim writers by far were the most prolific in producing memorable literature in Punjabi language in this period. However, the best minds of Punjab of this period favoured either Persian or Sanskrit and old Hindi as medium of their expression. In this connection, the richest contribution to the Punjabi language in this period came from a Hindu Punjabi scholar, Chander Bhan of lahore. He mostly composed Sufi poems and tracts in Parsian.

During the 17th century, Punjabi language came to be split in three scripts, Persio-Arabic, Nagri and Gurmukhi.

Most of the Punjab writers of the 17th ecntury such as Muslim poet Abdullah and Gurudas wrote didactic poems, delivering sermons through stories and fables. The rather thin stream of Punjabi literature continued through the eighteenth cnetury. Hir Ranjha story by Waris Shah composed in 1766 is regarded as the outstanding piece of Punjabi literature. The story of Sahiban and Mirza, a love tragedy has two versions, one by Pillu and the other by Hafiz Barkhurdar. This is another valuable piece of Punjabi literature of this period. The tragic love story of Sassi and Punhu too has various versions in Punjabi. One of them written by Sayyad Hasham Shah has been brought out in Gurmukhi characters by Professor Harnam Singh Shan.

The Punjabi literature of this period clearly brings out that secular songs and didactic poems and love lyrics, often with Sufi colouring, were fairly common in this period. The outstanding poets of this era were: Arur Rai, Isar Das, Kisan Singh Arif, Hidayatullah and Muhammad Buta.

Contd. Page 19

ਇਕ ਕਵਿਤਾ ਮੋਏ ਸੁਪਨਿਆਂ ਦੀ

ਜਗਤਾਰ ਢਾਅ

(ਪਹਿਲਾ ਹਿੱਸਾ)

ਅਜ ਮੈਂ ਯਾਰੋ
ਮੋਏ ਸੁਪਨਿਆਂ ਦੀ ਇਕ ਕਵਿਤਾ ਕਹਿਣੀ
ਜਿੰਨ੍ਹਾਂ ਸੀ ਸਾਡੇ ਦਿਲ ਧੜਕਾਏ
ਔੜ ਮਾਰੀ ਰੂਹ ਸਾਡੀ ਉਤੇ
ਘਟਾ ਵਾਂਗੂੰ ਸੀ ਚੜ੍ਹ ਮੁਸਕਾਏ
ਪਰ ਨਾ ਸਾਡੀ ਮਿਟੀ ਉਤਰੇ
ਰਹਿ ਗਏ ਅਸੀਂ ਕਣ ਕਣ ਤਿਰਹਾਏ।

ਸੁਪਨੇ :
ਜਿੰਨ੍ਹਾਂ ਸੀ ਜੀਣਾਂ ਸਿਖਣਾ
ਸੁਪਨੇ :
ਜਿੰਨ੍ਹਾਂ ਸੀ ਮਰਨਾ ਸਿਖਣਾ
ਸੁਪਨੇ : ਕਿ ਜਿੰਨ੍ਹਾਂ
ਖੇਤ ਤੋਂ ਘਰ
ਮਿਹਨਤ ਤੋਂ ਉਜਰਤ
ਵਿਦਿਆਲੇ ਤੋਂ ਗਿਆਨ ਦਾ
ਸਫ਼ਰ ਸੀ ਤਹਿ ਕਰਨਾ ਸਿਖਣਾ।

ਸੁਪਨੇ : ਕਿ ਜਿੰਨ੍ਹਾਂ
ਬੋਟਾਂ ਜਹੇ ਖੁਲ੍ਹਦੇ ਮੂਹਾਂ 'ਚ
ਜੀਵਨ ਦੀ ਸੀ ਬੁਰਕੀ ਪਾਉਣੀ
ਤੇ ਸੀ ਦਸਣੀ ਉਨ੍ਹਾਂ ਦੇ ਖੰਭਾਂ ਨੂੰ
ਸੋਚ ਦੀ ਨਵੀਂ ਉਡਾਰੀ ਲਾਉਣੀ।

ਸੁਪਨੇ : ਕਿ ਜਿੰਨ੍ਹਾਂ
ਬੁਢੇ ਹੱਥਾਂ ਦੀ ਡੰਗੋਰ ਸੀ ਬਨਣਾ
ਤੇ ਆਪਣੇ ਹੀ ਪੈਰਾਂ ਹੇਠ
ਮਿਧ ਹੁੰਦੇ ਆਪਣੇ ਅੱਧ ਨੂੰ
ਆਪਣੇ ਬਰਾਬਰ
ਪੈਰਾਂ ਭਾਰ ਖੜ੍ਹਿਆਂ ਸੀ ਕਰਨਾ।

ਸੁਪਨੇ: ਕਿ ਜਿੰਨ੍ਹਾਂ
ਡੋਲੀ ਦੇ ਪਿੰਜਰੇ 'ਚੋਂ
ਸੀ ਚਿੜੀਆਂ ਦਾ ਚੰਬਾ ਅਜ਼ਾਦ ਕਰਾਉਣ
ਤੇ ਉਨ੍ਹਾਂ ਦੇ ਖੰਭਾਂ ਉਤੋਂ
ਸਾਵਾ ਰੰਗ ਉਤਾਰ
ਸੀ ਸੂਹੇ ਰੰਗਾਂ ਨੂੰ ਲਾਉਣਾ।

ਉਨ੍ਹਾਂ ਸੁਪਨਿਆਂ
ਮਧੂ ਮੱਖੀਆਂ ਦੇ ਛੱਤਿਆਂ ਅੰਦਰ
ਸ਼ਹਿਦ ਸੀ ਭਰਨੀ
ਤੇ ਫਿਰ ਉਨ੍ਹਾਂ ਦੀ ਰਾਖੀ ਖਾਤਰ
ਬਿਜਲੀਆਂ ਦੀ ਵਾੜ੍ਹ ਸੀ ਕਰਨੀ।

ਜਿੰਨ੍ਹਾਂ ਸੁਪਨਿਆਂ
ਦੇਵ ਲੋਕ ਉਸਾਰਨ ਲਈ
ਕੰਘੀਆਂ ਪਾ ਕੇ
ਲੜਨ ਮਰਨ ਦੀ ਸੌਂਹ ਸੀ ਪਾਈ
ਤੇ ਆਪਣੀ ਹਿਕ ਦੇ ਸ਼ੀਸ਼ੇ 'ਚ
ਨਰਕ ਕੁੰਡ ਵਿਚ
ਦੇਖੀ ਸੀ ਸੜਦੀ ਲੋਕਾਈ —

ਪਰੀ ਦੇਸ ਦੀ ਚਰਚਾ ਸੁਣ
ਐਸੇ ਭਟਕੇ
ਕਿ ਦੇਵ ਲੋਕ ਉਸਾਰਨ ਦਾ ਭੁਲ ਸੁਪਨਾ
ਆਪੋ ਆਪਣਾ ਪਰੀ ਦੇਸ ਲਭਦਿਆਂ
ਪੁਠੇ ਪੈਰੀਂ ਤੋਰ ਚਲਾਈ।

ਰੂਹਾਂ ਉਤੋਂ ਉਨ੍ਹਾਂ
ਸਰਘੀ ਦੀ ਲਾਲੀ ਉਤਾਰ
ਕੱਚੇ ਰੰਗਾਂ ਸੰਗ ਕਰ
ਤੰਨ ਦਾ ਸ਼ਿੰਗਾਰ
ਮਾਰੂਥਲ ਨੂੰ ਸਮਝ ਸਾਗਰ
ਦਿਤੀ ਛਾਲ ਰੇਤ ਵਿਚ ਮਾਰ।

ਤੇ ਹੁਣ ਉਹ
ਨਿੱਜ ਦੀਆਂ ਹਨੇਰੀਆਂ 'ਚ ਗੁੰਮੇ
ਆਪਾ ਲਭਣ —
ਰੂਹ ਦੇ ਜ਼ਖਮ
ਮੋਏ ਸੁਪਨਿਆਂ ਦੀਆਂ ਲਾਸ਼ਾਂ ਨਾਲ ਕੱਜਣ।

ਕਿਥੇ ਗਏ ਉਹ ਸੁਪਨੇ
ਜਿੰਨ੍ਹਾਂ ਘੁਪ ਹਨੇਰੀਆਂ ਰਾਤਾਂ 'ਚ
ਸ਼ੁਕਦੀਆਂ ਕਾਲੀਆਂ ਫਸਲਾਂ 'ਚ ਬਹਿ ਬਹਿ
ਦੋ ਅੱਖਾਂ ਵਿਚੋਂ ਚੰਦ ਦੇਖਣ ਲਈ
ਸਾਰੀ ਸਾਰੀ ਰਾਤ ਲੰਘਾਈ

ਜਾਂ ਸਿਖਰ ਦੁਪਹਿਰੀਂ
ਸੰਘਣੇ ਕਮਾਦਾਂ ਦੀ ਛਾਵੇਂ
ਹਿਕ ਦੀ ਧੜਕਣ
ਹਿਕ ਨਾਲ ਸੁਨਣ ਲਈ
ਬਦਨਾਮੀ ਦੀ ਪੰਡ ਉਠਾਈ।

ਸਣੇਂ ਭਰਾਵਾਂ
ਸੁਪਨਿਆਂ ਦੇ ਰਾਹ ਦੇਖਦੀ
ਸਾਹਿਬਾਂ ਰਹੀ ਉਡੀਕਦੀ ਮਿਰਜ਼ਾ
ਪਰ ਅਲਮੀਨੀਅਮ ਦੀ
ਖੰਭਾਂ ਵਾਲੀ
ਬਕੀ ਉਤੇ ਹੋ ਅਸਵਾਰ
ਦਾਨਾਬਾਦ ਨੂੰ ਆਖ ਅਲਵਿਦਾ
ਮਿਰਜ਼ਾ ਪਹੁੰਚ ਸਮੁੰਦਰੋਂ ਪਾਰ
ਵਿਕ ਗਿਆ ਪਰੀ ਬਾਜ਼ਾਰ।

ਰਾਂਝੇ ਦੀ ਵੰਝਲੀ
ਰਹਿ ਗਈ ਸੁਪਨ ਗੀਤਾਂ ਨੂੰ ਰੋਂਦੀ
ਹੀਰ ਸਲੇਟੀ
ਰੰਗਲੀ ਫੁਲਕਾਰੀ ਲਿਪਟੀ
ਖੇੜਿਆਂ ਦੇ ਨਰਮ ਗਲੀਚੇ ਉਤੇ
ਸੈਦੇ ਦੀਆਂ ਬਾਹਾਂ ਵਿਚ ਉਲਝੀ
ਰੰਗਦਾਰ ਟੈਲੀ ਦੇਖ ਦੇਖ ਖੁਸ਼ ਹੋਏ
ਮਹਿੰਦੀ ਵਾਲੇ ਪੈਰ ਪਸਾਰ।

ਸੜਦੇ ਥਲ ਵਿਚ ਪੁਨੂੰ
ਬੈਠ ਸੁਪਨਿਆਂ ਦੀ ਕਬਰ ਸਰਾਹਣੇਂ
ਧਾਹਾਂ ਮਾਰੇ
ਸਸੀ "ਪਰੀ ਦੇਸ" ਦੀ ਨਾਈਟ ਕਲੱਬ ਵਿਚ ਬੈਠੀ
ਜਿੰਨ ਐਂਡ ਟੌਨਿਕ ਨੂੰ ਸਿਪ ਕਰਦੀ
ਬੁਲ੍ਹਾਂ ਦੀ ਰਹੀ ਗਰਮੀ ਠਾਰ।

ਲੈਲਾਂ ਲੈਲਾਂ ਕਰਨ ਵਾਲਾ ਮਜਨੂੰ
ਰਾਣੀ ਦੀਆਂ ਤਸਵੀਰਾਂ ਵਾਲੇ
ਨੋਟਾਂ ਨਾਲ ਜੇਬ ਗਰਮ ਦੇਖ
ਆਪੇ ਲੈਲਾਂ ਐਸਾ ਹੋਇਆ
ਕਿ ਲੈਲਾਂ ਨੂੰ ਛੱਡ ਗਿਆ ਭਰਾ ਲਈ
ਮਗਰ ਲਗੀ ਲੈਲਾਂ ਦੀ ਡਾਰ।

ਜੋਗੀ ਰਹਿ ਗਏ ਬੀਨ ਬਜਾਉਂਦੇ
ਸੁਪਨਿਆਂ ਦੀ ਸਪਣੀ ਗਈ ਨਾ ਕੀਲੀ
ਸਪਣੀ ਉਸ ਪਟਾਰੀ ਪੈ ਗਈ
ਜਿਸ ਵਿਚ ਚਾਂਦੀ ਦੀ ਛਣਕਾਰ।

ਦੋਸਤ ਦਾ ਖਤ

ਹਰਜਿੰਦਰ ਸਿੱਧੂ, ਸਰੀ

ਕੀ ਲਿਖਾਂ ਹੁਣ ਦੋਸਤਾ ਮੈਂ ਹਾਲ ਤੇਰੇ ਸ਼ਹਿਰ ਦਾ
ਸਿਵਿਆਂ ਵਰਗੀ ਚੁੱਪ ਤਰਕਾਲੀਂ ਹੋਇਆ ਬੇਰੌਣਕਾ ਬਜ਼ਾਰ ਤੇਰੇ ਸ਼ਹਿਰ ਦਾ।

ਬੰਨ ਪੁੜੀਆਂ ਵਿਚ ਅਮਨ ਪਏ ਵੇਚਣ,
ਹੁਣ ਵਿਪਾਰੀ ਹੋ ਗਿਆ ਹਰ ਵਿਹਲੜ ਤੇਰੇ ਸ਼ਹਿਰ ਦਾ।

ਕੋਈ ਆਈ ਲੈਣ ਦੁਪੱਟੜਾ, ਸੌਦਾ ਕਫ਼ਨ ਦਾ ਕਰ ਗਈ
ਇਖਲਾਕ ਤੋਂ ਹੈ ਗਿਰ ਗਿਆ, ਵਿਉਪਾਰ ਤੇਰੇ ਸ਼ਹਿਰ ਦਾ।

ਦੇਣ ਹਿਰਨੀਆਂ ਬੱਚੜੇ ਆ ਦਰ ਸ਼ਿਕਾਰੀ ਦੇ
ਸ਼ਰੇਆਮ ਬਜ਼ਾਰੀਂ ਖੇਡਦੇ ਸ਼ਿਕਾਰ ਤੇਰੇ ਸ਼ਹਿਰ ਦਾ।

ਕੋਈ ਬੈਠਾ ਬੁੱਢੜਾ ਚੁਪ ਚਪੀਤਾ ਘਰ ਦੇ ਮੂਹਰੇ ਸਫਾਂ ਵਿਛਾਈ
ਕੱਲ ਫੇਰ ਕੋਈ ਮਰ ਗਿਆ, ਜਵਾਨ ਤੇਰੇ ਸ਼ਹਿਰ ਦਾ।

ਨਾ ਕਿਸ ਪਿੱਪਲੀ ਪੀਂਘਾਂ ਪਾਈਆਂ, ਅੰਦਰ ਵੱੜ ਵੱੜ ਝੂਣ ਗਈਆਂ
ਵਿਚ ਸੋਗ ਦੇ ਲੰਘਿਆ ਸਾਵਾਂ ਦਾ ਤਿਉਹਾਰ ਤੇਰੇ ਸ਼ਹਿਰ ਦਾ।

ਕਿਧਰੇ ਟੱਲਾਂ ਦੀ ਟੁਨਕਾਰ ਹੈ, ਬੇਵਕਤੀ ਸੰਖ ਵਜੀਂਦੜੇ
ਪੱਗ-ਜਨੇਊ ਉਲਝ ਗਏ, "ਸਿਧੂ" ਜੀਣਾ ਮੁਗਲ ਤੇਰੇ ਸ਼ਹਿਰ ਦਾ।

ਪੱਤਰਕਾਰੀ

ਜਗਦੀਸ਼ ਸਿੰਘ ਡਾਬਲਾ

ਸ਼ਾਂਮਾਂ ਪਈਆਂ ਤੋਂ ਅਸੀਂ ਪੀ ਬੋਤਲ, ਫਿਰ ਪੱਤ੍ਰਕਾਰੀ ਦੇ ਜੋਸ਼ ਦਿਖਾਂਵਦੇ ਹਾਂ।
ਸਾਨੂੰ ਪੱਤ੍ਰਕਾਰ ਕਹਿ ਕੇ ਕੋਈ ਦੱਏ ਪੈਸਾ, ਉਸ ਦੇ ਹੀ ਪਏ ਫਿਰ ਗੁਣ ਗਾਂਵਦੇ ਹਾਂ।
ਪੈਹਿਲਾਂ ਖਿਤਾਬ ਦੇ ਜਿੰਦਾ ਸ਼ਹੀਦੀਆਂ ਦੇ, ਫਿਰ ਆਪੇ ਹੀ ਪਗ ਉਨ੍ਹਾਂ ਦੀ ਪਏ ਲਾਹਵੰਦੇ ਹਾਂ।
ਕੀਤੀਆਂ ਕਿਸੇ ਕੁਰਬਾਨੀਆਂ ਉਨ੍ਹਾਂ ਨੂੰ ਵੇਚ ਕੇ ਤੇ,
ਵੱਟਾ ਨਾਵਾਂ ਆਪਣੀ ਜੇਬ ਵਿਚ ਪਾਂਵਦੇ ਹਾਂ।
ਪੀਲੀ ਪੱਗ ਬੰਨ੍ਹ ਬਣ ਖਾਲਿਸਤਾਨੀ ਬਾਬੇ ਭਿੰਡਰਾਂਵਾਲੇ ਦੇ ਜੈਕਾਰੇ ਪਏ ਗਜਵਾਂਦੇ ਹਾਂ।
ਲੋੜ ਪਵੇ ਕਦੇ ਸਾਨੂੰ ਪੈਸਿਆਂ, ਤਾਂ ਫਿਰ ਕੌਂਸਲੇਟ ਦਾ ਬੂਹਾ ਜਾ ਖੜਕਾਂਵਦੇ ਹਾਂ
ਆਖੇ ਲੋਗੋ ਬਣ ਜਾਉ ਪੱਤ੍ਰਕਾਰ ਸਾਰੇ, ਕਾਹਤੋਂ ਇਕ ਦੋ ਅਖਬਾਰਾਂ ਤੇ ਬੋਝ ਪਾਂਵਦੇ ਹਾਂ।
ਨਾ ਕੋਈ ਕੰਮ ਨਾ ਪਵੇ ਕਾਰ ਕਰਨੀ, ਆਪਾਂ ਕੋਈ ਨਵਾਂ ਰੋਟੀ ਦਾ ਧੰਦਾ ਚਲਾਉਂਦੇ ਹਾਂ।
ਜਿਸ ਪੱਤ੍ਰਕਾਰੀ ਤੋਂ ਹੈਰਾਨ ਹੋਣ ਸਾਰੇ, ਐਸੀ ਪੱਤਰੀ ਕਿਸੇ ਤੋਂ ਜਾ ਲਿਖਾਂਵਦੇ ਹਾਂ
ਐ ਡਾਬਲਾ ਉਸ ਪੱਤਰਕਾਰੀ ਤੋਂ ਰਹੁ ਬਚਕੇ, ਜਿਸ ਨੂੰ ਪੜ੍ਹ ਕੇ ਅਸੀਂ ਪੁਠੇ ਰਸਤੇ ਜਾਂਵਦੇ ਹਾਂ।

Continued from Page 17

With the process of consolidation of British rule, by 1848, the evolution of Punjabi took a new turn. On the one hand English learning started influencing the cultural life of the people and on the other hand, revivalist tendencies started growing. Muslim revivalism encouraged Urdu and the study of Arabic and Persian. The Hindu revivalist movement strengthened the position of Hindi and Nagari characters and re-established once again the influence of Sanskrit among the Punjabi Hindus. Government and educational institutions encouraged either exclusively or very largely Urdu only; in the law courts and government offices, next to English it was all Urdu. Thus Punjabi had has to face a severe handicap because it had to cope with three powerful rivals — English, Hindi and Urdu.

Undoubtedly, the Punjabi people inherited on unweildy past, divisions and inequalities, as every people has its own legacies and special problems. But in Punjab, these problems were more acute than in any other part of the country. Even in the matter of language British imperialism followed a well designed policy of fostering and maintaining divisiveness and cultural backwardness of the Punjabi people.

Towards the end of the last century, Christian missionary activity suddenly increased and Sikh majority areas attracted special attention. Instructions given to the missionaries read:

"Though the Brahman religion still sways the minds of a large portion of the population of Punjab and the Mohammedan of another, the dominant religion and power for the last century has been the Sikh religion, a species of pure theism, formed in the first instance by a dissenting sect from Hinduism. A few helpful instances lead us to believe that the Sikhs may prove more accessible to scriptural truth than the Hindus and Mohammedans."

This challenge of Christian ethics set off an excercise in self-examination and reinterpretation by various Indian religions. The result was that a vast movement of reformation took pronouncedly sectarian forms in Arya Samaj fundamentalism in Hinduism and Ahmadiyah heresy in Islam. For Sikhs, it was critical period. In this process Hindus drifted further away from their command language — the Punjabi language. Nonetheless, the Punjabi language did not get official status during the British rule.

Before the partition in 1947, the official languages were English and Urdu; almost every literate person knew Urdu and used it for correspondence and for other literary purposes. But, by a perversion of communal politics in the pre-partition Punjab, Urdu came to be looked upon as the language of the Muslims, Hindi as the language of the Hindus and Punjabi in Gurmukhi script as the language of the Sikhs. The communal organisations of the Muslims, the Hindus and the Sikhs fanatically promoted the interests of their respective languages. Educationl institutions set up by Hindus, Sikhs and Muslims further compouneded the problem because their medium was the language of that community which controlled the insititution. Of course, English was taught as a compulsory language.

The 1951 census, operation led to serious communal tensions and census-slips on language were widely discarded the 1961 census operations gave a distorted picture about the mother tongue of the people because the champions of 'Save Hindi' amonf among the Hindu communalists called upon the people to declare Hindi as their mother tongue. In most cases religious affiliations determined the response to the census query on what language a respondent normally spoke.

This led to a new controversy in Punjab and thus the problem of language hinged on the question what script may be used for Punjabi — a controversy which raged till very recently. As has been stated earlier, in the pre-partition Punjab, Punjabi used to be written in all the three scripts — Persian, Devnagari and Gurmukhi. Persian and Gurmukhi scripts were in greater use than Devnagari. That is why west Punjabi saw literature of a very high quality produced in Punjab even after the partition. Following the refusal as their mother tongue in the first instance and later their insistance that they should be allowed to write Punjabi in Devnagari script, the alienation between Hindu and Sikhs further increased. The Sikhs on the other hand not only insisted that Punjabi should be written in Gurmukhi but started passionately identifying it with themselves and their religion.

The problem of the Punjabi speaking state, which has figured sp prominently in the Punjab politics in recent years, is a spillover of the language controversy into the area of regionalism. It has been proposed as also opposed largely in terms of communalism. The States Reorganisation Commission noted that internal tension in Punjab "follows communal and nit territotial lines."

This is how the linguistic reorganisation of Punjab has always created problems since the partition of the country in 1947. It has defied all solutions and every solution so far evolved has created new complications, leading to communal polarisation in the state. Apart from this aspect, the Akalis themselves have been frequently shiftung ground and after every concession made to them with a view to solve this problem, they have been coming forward with new demands and thus there has been no finality about what has come to be known as the linguistic reorganisation of the state. This becomes evident from a hurried survey of the developments in this border state since 1947.

The Sachjar formula was announced on October 2, 1949 to solve the language problem of Punjab. It was signed by Bhim Sen Sachhar, the then chief minister, Dr. Gopi Chand Bhargava, leader of the rival Congress faction and a minister in the Sachhar cabinet, Giani Kartar Singh, leader of the Akali Party in the Punjab Assembly and Sardar Ujjal Singh, as representative of the rival faction in the Akali Dal.

It provided for a gradual and progressive replacement of English and Urdu as official and court languages by Hindi and Punjabi in the two regions to be demarcated as the Hindi speaking and the Punjabi speaking regions.

(Courtesy : Agony of Punjab)
(to be conted.)

For our Readers & Advertisers

'Canada Darpan'

Office Hours

Monday to Friday — 10 a.m. - 5.00 p.m.
Please phone during these hours only

Ph. 581-4473

ਸਿੱਖ ਹੋਣ ਕਾਰਨ ਹੀ ਕੁਟਾਪੇ ਦਾ ਸ਼ਿਕਾਰ ਹੋਣਾ ਪਿਆ

ਬਰਨਾਲਾ — ਪੰਜਾਬ ਵਿਚ ਵੀ ਸਿਖ ਹੋਣਾ, 'ਸ਼ੱਕੀ ਵਿਅਕਤੀ' ਸਮਝਿਆ ਜਾਣਾ ਤੇ ਬਿਨਾਂ ਪੁੱਛ ਪੜਤਾਲ ਦੇ ਸੀ. ਆਰ. ਪੀ. ਅਤੇ ਸ਼ਿਵ ਸੈਨਾ ਵਾਲਿਆਂ ਦੇ ਕੁਟਾਪੇ ਦਾ ਸ਼ਿਕਾਰ ਹੋਣ ਦੀ ਆਪ ਬੀਤੀ ਸ੍ਰੀ ਸੁਖਦੇਵ ਸਿੰਘ, ਵੈਟਰਨਰੀ ਫਾਰਮਾਸਿਸਟ, ਪਸ਼ੂ ਭਲਾਈ ਕੇਂਦਰ, ਬਾਲੀਆਂ ਨੇ ਸੁਣਾਈਆ। ਉਨ੍ਹਾਂ ਦੱਸਿਆ ਕਿ ਉਹ ਸ੍ਰੀ ਸੁਰਜੀਤ ਸਿੰਘ ਕਿਲਾ ਹਕੀਮਾਂ ਨਾਲ ਜਗਰਾਉਂ 15 ਅਗਸਤ ਨੂੰ ਸ਼ਾਮ ਸਮੇਂ ਪੁਜੇ। ਉਨ੍ਹਾਂ ਅਗੇ ਆਪਣੇ ਭਰਾ ਡਾ. ਉਜਾਗਰ ਸਿੰਘ ਪਾਸ ਪਿੰਡ ਮਾਣੂਕੇ ਜਾਣਾ ਸੀ। ਦੇਰ ਨਾਲ ਪੁਜਣ ਕਾਰਨ ਸਵਾਰੀ ਦੀ ਤਲਾਸ਼ ਕਰਦਿਆਂ ਹਨੇਰਾ ਹੋ ਗਿਆ। ਇਸ ਉਤੇ ਉਨ੍ਹਾਂ ਜਗਰਾਉਂ ਵਿਚ ਹੀ ਵੈਟਰਨਰੀ ਡਾਕਟਰ ਪਾਸ ਰੁਕਣ ਦਾ ਫੈਸਲਾ ਕੀਤਾ। ਡਾਕਟਰ ਦੇ ਘਰ ਦਾ ਪਤਾ ਕਰ ਹੀ ਰਹੇ ਸੀ ਕਿ ਹਸਪਤਾਲ ਦੇ ਅਹਾਤੇ ਵਿਚ ਸੀ. ਆਰ. ਪੀ. ਤੇ ਹਿੰਦੂ ਸ਼ਿਵ ਸੈਨਾ ਦੇ ਕੋਈ ਵੀਹ ਕੁ ਬੰਦਿਆਂ ਨੇ ਉਨ੍ਹਾਂ ਨੂੰ 'ਦਹਿਸ਼ਤਵਾਦੀ' ਕਹਿ ਕੇ ਘੇਰ ਲਿਆ ਤੇ ਬਿਨਾਂ ਕੁਝ ਪੁੱਛੇ ਕੁਟਣਾ ਸ਼ੁਰੂ ਕਰ ਦਿਤਾ। ਸੀ. ਆਰ. ਪੀ. ਵਾਲਿਆਂ ਬਹੁਤ ਗੰਦੀਆਂ ਤੇ ਅਪਮਾਨਜਨਕ ਗਾਲ੍ਹਾਂ ਕੱਢੀਆਂ ਤੇ ਰਫਲਾਂ ਦੇ ਬੱਟ ਮਾਰੇ।

ਭੇਖ — ਖੁਆਰੀ ਦਾ ਕਾਰਨ ਬਣਦਾ ਹੈ

ਮੇਹਰ ਸਿੰਘ ਸੰਧੂ, ਵੈਨਕੂਵਰ

ਇਹ ਆਮ ਕਿਹਾ ਜਾਂਦਾ ਹੈ ਕਿ ਨਾਮ ਦੀ ਕਮਾਈ ਤੋਂ ਬਿਨਾਂ ਬਾਹਰਲੀ ਰਹਿਤ ਦਾ ਜੇ ਲਾਭ ਨਹੀਂ ਤਾਂ ਉਹ ਧਾਰਨ ਕਰਨ ਵਿਚ ਕੋਈ ਹਾਨੀ ਵੀ ਤਾਂ ਨਹੀਂ ?

ਜੇ ਕੋਈ ਅੰਦਰੋਂ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਿੰਘ ਨਹੀਂ ਸਜਿਆ, ਤਾਂ ਬਾਹਰ ਦੁਨੀਆਂ ਨੂੰ ਖਾਲਸਾ ਹੋਣ ਦੇ ਦਿਖਲਾਵੇ ਨੂੰ ਭੇਖੀ, ਸ੍ਵਾਂਗੀ, ਕਪਟੀ, ਬਹੁ ਰੂਪੀਆ ਕਹਿਣਾ ਗਲਤ ਨਹੀਂ ਹੋਵੇਗਾ। ਗੁਰਬਾਣੀ ਵਿਚ ਅਜਿਹੇ ਕਰਮੀਆਂ ਨੂੰ ਦੁਹਚਾਰਣੀ, ਦੁਹਾਗਣ, ਵੈਸਵਾ ਕਾ ਪੂਤ ਤੇ ਨਕਟੀ ਆਦਿ ਕਿਹਾ ਹੈ। ਇਹ ਪਖੰਡ, ਵਿਖਾਲਾ, ਭੇਖ ਖੁਆਰੀ ਦਾ ਕਾਰਨ ਬਣਦਾ ਹੈ।

ਬਿਨ ਹਰਿ ਭਗਤੀ ਸੀਗਾਰੁ ਕਰਹਿ
ਨਿਤ ਜੰਮਹਿ ਹੋਇ ਖੁਆਰੁ। (950)

ਗੁਰਮਤਿ ਵਿਚ ਪਹਿਲ ਅੰਦਰਲੀ ਸਿੱਖ ਅਥਵਾ "ਨਾਮ" ਨੂੰ ਹੈ। ਬਾਹਰਲੇ ਕਰਮ ਧਰਮ ਭੇਸ ਨੂੰ ਨਹੀਂ।

ਕਾਮਣਿ ਤਉ ਸ਼ੀਗਾਰ ਕਰਿ
ਪਹਿਲਾ ਕੰਤੁ ਮਨਾਇ। (788)

ਜੋ ਅੰਦਰਲੀ ਸਿੱਖੀ ਤੋਂ ਬਿਨਾਂ ਬਾਹਰਲੇ ਰੂਪ ਤੇ ਪਹਿਰਾਵਿਆਂ ਨਾਲ ਸਿਖ ਬਣਨਾ ਚਾਹੁੰਦੇ ਹਨ ਉਨ੍ਹਾਂ ਨੂੰ ਬਾਣੀ ਵਿਚ ਮ੍ਰਿਤਕ ਦਾ ਸ਼ਿਗਾਰ ਕਰਨਾ ਲਿਖਿਆ ਹੈ। ਖੋਟੇ ਕਰਮ ਕਰਦਿਆਂ ਧਾਰਮਕ ਵੇਸ ਕਰਨੇ ਸੋਭਾ ਨਹੀਂ ਦੇਂਦੇ।

ਦੁਰਮਤਿ ਖੋਟੀ ਖੋਟਿ ਕਮਾਵੈ।
ਸੀਗਾਰੁ ਕਰੇ ਪਿਰ ਖਸਮ ਨ ਭਾਵੈ। (1047)
ਬਹੁ ਭੇਖ ਕਰਿ ਭਰਮਾਈਐ
ਮਨਿ ਹਰਦੈ ਕਪਟੁ ਕਮਾਇ। (26)

ਕਈ ਪਰਚਾਰਿਕ, ਬਾਹਰਲੇ ਵੇਸ, ਪਹਿਰਾਵੇ, ਆਦਿ ਨੂੰ ਮਜ਼ਹਬੀ ਡਿਸਿਪਲਿਨ ਦਸ ਕੇ ਉਨ੍ਹਾਂ ਦੇ ਧਾਰਨ ਤੇ ਜ਼ੋਰ ਦਿਤਾ ਜਾਂਦਾ ਹੈ।

ਜਿਵੇਂ ਫੌਜ ਜਾਂ ਪੁਲਿਸ ਲਈ ਵਰਦੀ, ਤੇਵੇਂ ਮਜ਼ਹਬੀ ਨਿਸ਼ਾਨ, ਚਿੰਨ੍ਹ ਆਦਿ ਦਾ ਹੋਣਾ ਜ਼ਰੂਰੀ ਦਸੇ ਜਾਂਦੇ ਹਨ।

ਫੌਜ ਜਾਂ ਪੁਲਸ ਲਈ ਵਰਦੀ ਜ਼ਰੂਰੀ ਹੈ, ਪਰ ਜੇ ਕੋਈ ਬਾਹਰਲਾ ਜਾਂ ਓਪਰਾ ਵਰਦੀ ਪਾ ਲਵੇ ਤਾਂ ਉਹ ਮੁਜਰਮ ਕਰਾਰ ਦਿਤਾ ਜਾਂਦਾ ਹੈ ਤੇ ਸਜ਼ਾ ਦਾ ਭਾਗੀ ਬਣਦਾ ਹੈ। ਇਸੇ ਤਰ੍ਹਾਂ ਕਿਸੇ ਮਜ਼ਹਬ ਦੇ ਅੰਤ੍ਰੀਵ ਧਾਰਮਕ ਅਸੂਲਾਂ ਨੂੰ ਧਾਰਨ ਕਰਨ ਤੋਂ ਬਿਨਾ ਬਾਹਰਲੇ ਕਰਮ ਕਾਂਡ, ਵੇਸ, ਭੇਸ, ਚਿੰਨ੍ਹ ਆਦਿ ਧਾਰਨੇ ਸਵਾਂਗ ਰਚਣਾ ਹੈ। ਇਨ੍ਹਾਂ ਵਿਖਾਲੇ ਦੇ ਸਾਧਨਾਂ ਨੂੰ ਹੀ ਪਾਖੰਡ ਕਿਹਾ ਹੈ।

ਦੇਖਾ ਦੇਖੀ ਸ੍ਵਾਂਗੁ ਧਰਿ ਭੂਲੇ ਭਟਕਾ ਖਾਇ। (1371)

ਇਹ ਭੀ ਯਾਦ ਰਹੇ ਕਿ ਜੇ ਕੋਈ ਪੁਲਸ ਦਾ ਮੁਲਾਜ਼ਮ ਪੁਲਸ ਦੀ ਵਰਦੀ ਪਹਿਨ ਕੇ ਕੋਈ ਜ਼ੁਰਮ ਕਰੇ ਜਾਂ ਕੋਈ ਫੌਜੀ, ਫੌਜ ਦੀ ਵਰਦੀ ਪਹਿਨ ਕੇ ਫੌਜ ਦੇ ਕਾਨੂੰਨਾਂ ਦੇ ਖਿਲਾਫ ਵਰਜ਼ੀ ਕਰੇ ਤਾਂ ਉਸ ਨੂੰ ਆਮ ਨਾਲੋਂ ਵਧੇਰੇ ਸਜ਼ਾ ਮਿਲਦੀ ਹੈ।

ਇਵੇਂ ਹੀ ਜੇ ਕੋਈ ਆਪਣੇ ਆਪ ਨੂੰ ਗੁਰੂ ਕਾ ਸਿਖ ਅਖਵਾ ਕੇ ਗੁਰੂ ਦੇ ਹੁਕਮ ਦੀ ਪਾਲਣਾ ਨਹੀਂ ਕਰਦਾ ਤਾਂ ਉਹ ਵਧੇਰੇ ਸਜ਼ਾ ਦਾ ਭਾਗੀ ਬਣਦਾ ਹੈ। ਰਾਜਿਆਂ ਦੇ ਕੱਪੜੇ ਪਾ ਕੇ ਰਾਜੇ ਨਹੀਂ ਬਣ ਜਾਈਦਾ, ਸਵਾਂਗੀ ਹੋਈਦਾ ਹੈ। ਗੁਰੂ ਘਰ ਵਿਚ ਅਜਿਹਾਂ ਨੂੰ ਭੇਖੀ, ਪਾਖੰਡੀ, ਕਪਟੀ ਕਿਹਾ ਹੈ। ਕੀ ਉਸ ਅੰਤਰਜ਼ਾਮੀ ਨੂੰ ਖਾਲੀ ਕੇਸ ਦਾੜ੍ਹੀ ਰਖ ਕੇ ਜਾਂ ਖਾਲਸਾ ਪੰਥ ਦਾ ਪਹਿਰਾਵਾ ਕਰਕੇ, ਭਰਮਾਇਆ ਜਾ ਸਕਦਾ ਹੈ ? ਕੀ ਉਸ ਦਿਲਾਂ ਦੇ ਜਾਨਣ ਵਾਲੇ ਨੂੰ ਇਹ ਪਤਾ ਨਹੀਂ ਕਿ ਇਨ੍ਹਾਂ ਦਰਸ਼ਨੀ ਸਿੰਘਾਂ ਤੇ ਸਿਖੀ ਦਾ ਕੇਵਲ ਸਰੂਪ ਧਾਰਨ ਵਾਲਿਆਂ ਦੇ ਹਿਰਦੇ ਗੁਰਸਿੱਖੀ ਨਹੀਂ ?

ਇਤਿਹਾਸ ਸਿੱਖ ਦਾ ਗੁਰੂ ਨਹੀਂ। ਸਿੱਖ ਨੇ ਇਤਿਹਾਸ ਦੇ ਝਮੇਲਿਆਂ ਵਿਚ ਨਹੀਂ ਪੈਣਾ। ਸਿੱਖ ਦਾ ਫਰਜ਼ ਕੇਵਲ ਗੁਰੂ ਦੇ ਹੁਕਮ ਦੀ ਪਾਲਣਾ ਕਰਨਾ ਹੈ, ਗੁਰੂ ਦੀ ਨਕਲ ਕਰਕੇ ਗੁਰੂ ਦਾ ਸਰੀਕ ਨਹੀਂ ਬਣਨਾ।

ਇਤੁ ਮਾਰਗਿ ਚਲੇ ਭਾਈਅੜੇ
ਗੁਰੁ ਕਹੈ ਸੁ ਕਾਰ ਕਮਾਇ ਜੀਉ। (763)

ਭਾਈ ਗੁਰਦਾਸ ਜੀ ਨੇ ਵੀ ਕਿਹਾ ਹੈ

ਗੁਰ ਸਿਖੀ ਦਾ ਕਰਮ ਏਹ
ਗੁਰ ਫੁਰਮਾਏ ਗੁਰ ਸਿਖ ਕਰਣਾ

ਜਿਸ ਤਰ੍ਹਾਂ ਕੋਈ ਲੜਕਾ ਆਪਣੇ ਬਾਪੂ ਨੂੰ ਚੰਗੇ ਚੰਗੇ ਭੋਜਨ ਖਲਾਉਂਦਾ ਹੈ ਅਤੇ ਕੱਪੜੇ ਪਹਿਨਾਉਂਦਾ ਹੈ, ਪਰ ਬਾਪੂ ਦਾ ਕਹਿਣਾ ਨਹੀਂ ਮੰਨਦਾ, ਤਾਂ ਫਿਰ ਆਪ ਹੀ ਦੱਸ ਕਿ ਕਿਆ ਨਾ ਮੰਨਣ ਵਾਲੇ ਪੁਤਰ ਉਤੇ ਬਾਪੂ ਖੁਸ਼ ਹੋ ਸਕਦਾ ਹੈ ?

ਵਾੜ ਖੇਤੀ ਦੀ ਹਫਾਜ਼ਤ ਲਈ ਹੁੰਦੀ ਹੈ। ਜਦ ਤੱਕ ਉਸ ਦੀ ਲੋੜ ਹੈ, ਉਸ ਨੂੰ ਵਾੜ ਵਜੋਂ ਰਖੀ ਦਾ ਹੈ। ਖੇਤੀ ਤੋਂ ਬਿਨਾਂ ਵਾੜ ਕਿਸੇ ਅਰਥ ਨਹੀਂ ਸਗੋਂ ਆਪਣੇ ਕੰਡਿਆਂ ਕਰਕੇ ਸਭ ਲਈ ਦੁਖ ਦਾ ਕਾਰਨ ਹੀ ਹੁੰਦੀ ਹੈ। ਕੋਈ ਰਹਿਤ ਮਰਯਾਦਾ, ਸ਼ਰਾ ਸ਼ਰੀਅਤ, ਰਹੁ ਰੀਤੀ ਭਾਵੇਂ ਕਿੰਨੀ ਹੀ ਲਾਜ਼ਮੀ ਕਿਉਂ ਨਾ ਮੰਨ ਲਈ ਜਾਵੇ, ਉਹ ਆਤਮਕ ਧਰਮ ਨਹੀਂ ਬਣ ਸਕਦੀ। ਰਹਿਤ ਮਰਯਾਦਾ ਨੂੰ ਹੀ ਗਤੀ ਦਾ ਸਾਧਨ ਸਮਝ ਲੈਣਾ, ਵਾੜ ਨੂੰ ਹੀ ਖੇਤੀ ਸਮਝਣ ਵਾਂਗ ਅਗਿਆਨਤਾ ਹੈ। ਇਨ੍ਹਾਂ ਵਹਿਮਾਂ, ਭਰਮਾਂ, ਭੁਲੇਖਿਆਂ ਤੋਂ ਕੱਢਣ ਲਈ ਹੀ ਗੁਰੂ ਸਾਹਿਬ ਜਗਤ ਵਿਚ ਆਏ ਸਨ। ਉਨ੍ਹਾਂ ਹਿੰਦੂ ਮੁਸਲਮਾਨਾਂ ਦੇ ਪ੍ਰਚਲਤ ਵਿਖਾਵੇ ਤੇ ਰੀਤਕ ਮਜ਼ਹਬੀ ਤਰੀਕਿਆਂ ਦਾ ਖੰਡਨ ਕੀਤਾ ਤੇ ਅਸਲ ਤੱਤ ਨੂੰ ਗ੍ਰਹਿਣ ਕਰਨ ਦੀ ਸਿਖਿਆ ਦਿਤੀ। ਇਸ ਨੂੰ ਅਸਾਂ ਆਪਣੀਆਂ ਵਖਰੀਆਂ ਤੇ ਨਵੀਆਂ ਰਹੁ ਰੀਤੀਆਂ ਬਣਾਉਣ ਦੀ ਪ੍ਰਵਾਨਗੀ ਸਮਝਿਆ ਤੇ ਤੱਤ ਨੂੰ ਗ੍ਰਹਿਣ ਕਰਨ ਵਾਲੇ ਉਪਦੇਸ਼ ਨੂੰ ਦੁਨੀਆਂ ਦੇ ਰੌਲੇ ਗੌਲੇ ਵਿਚ ਗਵਾ ਦਿਤਾ।

ਸਾਡੇ ਭਾਈਆਂ, ਪਾਠੀਆਂ, ਗਰੰਥੀਆਂ, ਰਾਗੀਆਂ, ਪਰਚਾਰਕਾਂ ਨੇ ਪੁਰਾਣੇ ਬ੍ਰਾਹਮਣਾਂ, ਪੰਡਿਤਾਂ, ਪ੍ਰੋਹਿਤਾਂ ਵਾਲੇ ਕਸਬ ਫੜ ਲਏ ਤੇ ਅਸੀਂ ਵਾਪਸ ਉਥੇ ਹੀ ਪਹੁੰਚ ਗਏ ਜਿਥੋਂ ਬਾਬੇ ਨਾਨਕ ਨੇ ਸਾਨੂੰ ਟੋਰਿਆ ਸੀ।

ਅੰਦਰ ਬਾਹਿਰ ਦਾ ਇਕ ਨਾ ਹੋਣਾ ਪਾਖੰਡ ਹੈ। ਇਸੇ ਨੂੰ "ਮਨ ਹੋਰ ਮੁਖ ਹੋਰ" ਕਿਹਾ ਹੈ। ਪ੍ਰਭੂ ਦੀ ਪਰਾਪਤੀ ਪਾਖੰਡਾਂ ਨਾਲ ਨਹੀਂ।

ਪਾਖੰਡ ਕੀਨੈ ਮੁਕਤਿ ਨ ਹੋਇ (830)

ਸਰੀਰ ਨੂੰ ਧਾਰਮਿਕ ਵੇਸਾਂ ਚਿੰਨ੍ਹਾਂ ਨਾਲ ਸ਼ਿਗਾਰਨਾ ਹਉਮੈ ਹੈ। 'ਨਾਮ' ਤੋਂ ਬਿਨਾਂ ਸਭ ਬੇਅਰਥ ਹਨ। ਇਹ ਦੁਬਿਧਾ ਦਾ ਕਾਰਨ ਹੁੰਦੇ ਹਨ।

ਪਾਖੰਡਿ ਰਾਚਿ ਤਤੁ ਨਹੀਂ ਬੀਨੈ (840)

ਜੇ ਅੰਦਰ ਕਾਮ, ਕਰੋਧ, ਅਹੰਕਾਰ, ਮੋਹ ਮਾਇਆ ਦੀ ਮੈਲ ਹੈ ਤਾਂ ਧਾਰਮਿਕ ਚਿੰਨ੍ਹ ਤੇ ਪਹਿਰਾਵੇ ਪਾਖੰਡ ਹਨ। ਨਾਮ ਤੋਂ ਬਿਨਾ ਸਾਰੇ ਕਰਮ ਧਰਮ, ਕਿਰਿਆ, ਚਿੰਨ੍ਹ, ਪਹਿਰਾਵੇ, ਵੇਸ, ਸ਼ਰਾ ਸ਼ਰੀਅਤ, ਰਹੁ ਰੀਤੀਆਂ ਬੰਧਨ ਹਨ। ਜੇ ਨਾਮ ਹੈ ਤਾਂ ਸਭ ਕੁਝ ਹੈ। ਸਾਰੇ ਕਰਮ ਕਾਂਡ, ਰਹਿਤ ਮਰਯਾਦਾ, ਚਿੰਨ੍ਹ ਆਦਿ 'ਨਾਮ' ਵਿਚ ਹੀ ਆ ਜਾਂਦੇ ਹਨ

ਵਿਣੁ ਨਾਵੈ ਹੋਰਿ ਕਰਮ ਨ ਭਾਲਿ (355)

ਲੇਖਕਾਂ ਦੇ ਮਖੌਲ

ਅਜੈ ਵਿਸ਼ਵਾਸ

ਇਕ ਵਾਰ ਉਰਦੂ ਕਵੀ ਇਕਬਾਲ ਨੇ ਆਪਣੇ ਇਕ ਕੱਟੜ ਵਿਰੋਧੀ ਅਲੱਾਮਾ ਨੂੰ ਕਿਹਾ, "ਤੁਸੀਂ ਮੇਰੇ ਨਾਲ ਕਿੰਨੀ ਵੀ ਦੁਸ਼ਮਣੀ ਰੱਖੋ, ਪਰ ਮੇਰਾ ਦਾਅਵਾ ਹੈ ਕਿ ਇਕ ਜਗ੍ਹਾ ਤੁਹਾਨੂੰ ਮੈਨੂੰ ਮਿਲਣਾ ਹੀ ਪਵੇਗਾ।"

"ਕਿੱਥੇ ?" ਅੱਲਾਮਾ ਨੇ ਹੈਰਾਨੀ ਨਾਲ ਪੁੱਛਿਆ।"

"ਕਬਰਸਤਾਨ ਵਿਚ!" ਇਕਬਾਲ ਨੇ ਹਸੱਦੇਹੋਏ ਕਿਹਾ।

—•—

'ਅਖਿਲ ਭਾਰਤੀ ਬੰਗ - ਸਾਹਿਤ - ਸੰਮੇਲਨ' ਦੇ ਪ੍ਰਧਾਨ ਵਜੋਂ ਭਾਸ਼ਨ ਦਿੰਦੇ ਹੋਏ ਰਾਬਿੰਦਰ ਨਾਥ ਟੈਗੋਰ ਨੇ ਕਿਹਾ, "ਮੇਰੀ ਦਾੜ੍ਹੀ, ਵਾਲ ਅਤੇ ਸੋਹਣੀ ਸ਼ਕਲ-ਸੂਰਤ ਦੇਖ ਕੇ ਤੁਸੀਂ ਮੈਨੂੰ ਇਹ ਅਹੁਦਾ ਦੇ ਦਿੱਤਾ ਹੈ, ਇਸ ਲਈ ਬਹੁਤ ਬਹੁਤ ਧੰਨਵਾਦ। ਉਂਜ ਮੈ ਸਾਹਿਤ ਪਰਬਤ ਸਾਹਮਣੇ ਇਕ ਚੂਹਾ ਜਿਹਾ ਹਾਂ।"

"ਤੁਹਾਡੇ ਲਈ ਚੂਹੇਦਾਨੀ ਲਾਈ ਜਾ ਸਕਦੀ ਹੈ ਜਾਂ ਨਹੀਂ ?" ਇਕ ਸੱਜਣ ਨੇ ਹੱਸ ਕੇ ਪੁੱਛਿਆ।

"ਮੈਂ ਸਿਰਫ ਉਸ ਚੂਹੇਦਾਨੀ 'ਚ ਫਸਾਂਗਾ ਜਿਸ ਵਿਚ ਰੋਟੀ ਦੀ ਜਗ੍ਹਾ 'ਗੀਤਾਂਜਲੀ' ਹੋਵੇਗੀ। ਟੈਗੋਰ ਨੇ ਹੱਸ ਕੇ ਕਿਹਾ।

—•—

ਪੁਸਤਕਾਂ


* ਸੋਵੀਅਤ ਯੂਨੀਅਨ ਵਿਚ ਸਭ ਤੋਂ ਵਧ ਛਾਪਿਆ ਜਾਂਦਾ ਲੇਖਕ ਵਲਾਦੀਮੀਰ ਲੈਨਿਨ ਹੈ।

* ਸੋਵੀਅਤ ਯੂਨੀਅਨ ਵਿਚ ਸਭ ਤੋਂ ਵਧ ਛਪੀ ਸਾਹਿਤਕ ਪੁਸਤਕ ਨਿਕੋਲਾਈ ਓਸਤੋਵਸਕੀ ਦਾ ਨਾਵਲ 'ਕਬਹੂੰ ਨ ਛਾਡੇ ਖੇਤੁ' ਹੈ। ਓਸਤਵਸਕੀ ਦੀਆਂ ਲਿਖਤਾਂ ਦਾ ਸੰਗ੍ਰਹਿ ਪੰਜ ਕਰੋੜ ਕਾਪੀਆਂ ਦੇ ਬਰਾਬਰ ਹੈ।


* ਸਭ ਤੋਂ ਵਧ ਛਾਪਿਆ ਲੇਖਕ ਮੈਕਸਿਮ ਗੋਰਕੀ ਹੈ ਅਤੇ ਜੈਕ ਲੰਡਨ ਬਦੇਸ਼ੀ ਲੇਖਕ ਦੇ ਤੌਰ ਤੇ ਸਭ ਤੋਂ ਵਧ ਛਾਪਿਆ ਗਿਆ ਹੈ।

* ਸੋਵੀਅਤ ਯੂਨੀਅਨ ਵਿਚ 8088 ਸਮਾਚਾਰ ਪੱਤਰ ਪ੍ਰਕਾਸ਼ਕ ਹੁੰਦੇ ਹਨ, ਜਿਨ੍ਹਾਂ ਦੀ ਸਰਕੂਲੇਸ਼ਨ ਕੁਲ ਮਿਲਾ ਕੇ 17 ਕਰੋੜ 60 ਲਖ ਬਣਦੀ ਹੈ। ਇਸ ਤੋਂ ਇਲਾਵਾ ਪੰਜ ਹਜ਼ਾਰ ਤੋਂ ਉਪਰ ਰਸਾਲੇ ਛਪਦੇ ਹਨ, ਜਿਨ੍ਹਾਂ ਦੀ ਕੁਲ ਸਰਕੂਲੇਸ਼ਨ 320 ਕਰੋੜ ਹੈ।

—ਪੇਸ਼ਕਸ਼ : ਬਲਬੀਰ



ਫ਼ਿਲਮ-ਲੋਕ



ਕਦੇ ਸਾਡੇ ਵੀ ਦਿਨ ਸਨ — ਭਾਰਤ ਭੂਸ਼ਨ

ਸ਼ਮਸ਼ੇਰ ਸਿੰਘ ਸੰਧੂ

ਬਜ਼ੁਰਗ ਕਲਾਕਾਰ ਭਾਰਤ ਭੂਸ਼ਨ ਕੋਲ ਹੁਣ ਅੰਤਾਂ ਦੀ ਵਿਹਲ ਹੈ। ਕੋਈ ਸਮਾਂ ਸੀ, ਉਸ ਕੋਲ ਲੋਹੜੇ ਦਾ ਰੁਝੇਵਾਂ ਸੀ। ਹੁਣ ਉਹ ਨੂੰ ਆਪਣਾ ਤੋਰੀ-ਫੁਲਕਾ ਤੋਰਨ ਲਈ ਪ੍ਰੋਡਿਊਸਰਾਂ ਦੁਆਲੇ ਗੇੜੇ ਕੱਢਣੇ ਪੈਂਦੇ ਨੇ ਤੇ ਡਾਇਰੈਕਟਰਾਂ ਦੇ ਘਰ ਲੱਭਦੇ ਹੁੰਦੇ ਨੇ। ਕਿਸੇ ਵੇਲੇ ਪ੍ਰੋਡਿਊਸਰ ਤੇ ਡਾਇਰੈਕਟਰ ਭਾਰਤ ਭੂਸ਼ਨ ਦੇ ਘਰ ਦੇ ਬਾਹਰ ਖੜ੍ਹੇ ਅੰਦਰ ਜਾਣ ਦੀ ਵਾਰੀ ਉਡੀਕਿਆ ਕਰਦੇ ਸਨ।

ਪਰ ਉਸ ਨੂੰ ਸਮੇਂ ਦੀ ਹੇਰ ਫੇਰ ਉਪਰ ਕੋਈ ਗਿਲਾ ਨਹੀਂ। ਕੋਈ ਪਛਤਾਵਾ ਨਹੀਂ। ਉਹ ਇਸ ਵਿਚਾਰ ਦਾ ਹੈ ਕਿ "ਏਥੇ ਬੈਠ ਕਿਸੇ ਨਹੀਂ ਰਹਿਣਾ, ਦੁਨੀਆਂ ਦੋ ਦਿਨ ਦੀ।" ਭਾਰਤ ਭੂਸ਼ਨ ਕੋਲ ਅਨੁਭਵਾਂ ਦਾ ਵੱਡਾ ਸਰਮਾਇਆ ਹੈ। ਭਾਰਤੀ ਫਿਲਮਾਂ ਸਨਅਤ ਦੇ ਲਹਿੰਦੇ ਚੜ੍ਹਦੇ ਭਾਅ ਉਹਨੇ ਆਪਣੀਆਂ ਅੱਖਾਂ ਨਾਲ ਲਗਾਤਾਰ ਤੱਕੇ ਹਨ। ਇਸ ਗਲੈਮਰ ਦੀ ਦੁਨੀਆਂ 'ਚ ਬਦਲਦੀਆਂ ਕਦਰਾਂ-ਕੀਮਤਾਂ ਨੂੰ ਉਹ ਨੇ ਪੂਰੀ ਸ਼ਿੱਦਤ ਨਾਲ ਮਹਿਸੂਸਿਆ ਹੈ।

ਸੰਨ 42 ਵਿਚ ਕੇਦਾਰ ਸ਼ਰਮਾ ਨੇ "ਚਿਤਰ ਲੇਖਾ" ਫਿਲਮ 'ਚ ਭਾਰਤ ਭੂਸ਼ਨ ਨੂੰ ਇਕ ਵਿਦਿਆਰਥੀ ਦਾ ਰੋਲ ਦਿਤਾ। ਉਦੋਂ ਉਹ ਬੀ. ਐਸ. ਸੀ. ਦੀ ਪੜ੍ਹਾਈ ਮੁਕਾ ਕੇ ਫਿਲਮਾਂ ਵਿਚ ਕਿਸਮਤ ਅਜ਼ਮਾਈ ਲਈ ਕਲਕੱਤੇ ਆ ਗਿਆ ਸੀ। "ਚਿਤਰ ਲੇਖਾ" ਤੋਂ ਪ੍ਰਭਾਵਤ ਹੋ ਕੇ ਰਾਮੇਸ਼ਵਰ ਸ਼ਰਮਾ ਨੇ ਉਹਨੂੰ "ਪੂਰਨ ਭਗਤ" 'ਚ ਹੀਰੋ ਵਜੋਂ ਲੈ ਲਿਆ। ਬੱਸ, ਇਥੋਂ ਹੀ ਭਾਰਤ ਭੂਸ਼ਨ 'ਤੇ ਮੋਹਰ ਲਗ ਗਈ ਤੇ ਉਮਰ ਭਰ ਉਸ ਨੇ ਇਤਿਹਾਸਕ ਮਿਥਿਹਾਸਕ ਸ਼ਖਸ਼ੀਅਤਾਂ ਦੇ ਰੋਲ ਨਿਭਾਏ। ਕਦੇ ਉਹ "ਭਗਤ ਕਬੀਰ" ਬਣਿਆ ਤੇ ਕਦੇ "ਕ੍ਰਿਸ਼ਨ ਭਗਵਾਨ"। ਕਦੇ ਉਸ ਨੂੰ "ਬੈਜੂ ਬਾਵਰਾ" ਬਣਾਇਆ ਗਿਆ ਤੇ ਕਦੇ "ਚੈਤੰਨਯ ਮਹਾਂ ਪ੍ਰਭੂ" ਫਿਰ ਉਹ "ਮਿਰਜ਼ਾ ਗਾਲਿਬ" ਬਣਿਆ ਤੇ ਕਦੇ "ਸਮਰਾਟ ਚੰਦਰ ਗੁਪਤ"। ਕਦੇ ਉਹ "ਕਵੀ ਕਾਲੀਦਾਸ" ਬਣਿਆ ਤੇ ਫਿਰ "ਸੰਗੀਤਰ ਸਮਰਾਟ ਤਾਨਸੈਨ"। ਮੁਖ ਪਾਤਰਾਂ ਦੇ ਸਿਰਲੇਖਾਂ ਵਾਲੀਆਂ ਫਿਲਮਾਂ ਤੋਂ ਇਲਾਵਾ ਭਾਰਤ ਭੂਸ਼ਨ ਦੀਆਂ ਹੋਰ ਖੂਬਸੂਰਤ ਫਿਲਮਾਂ ਵੀ ਆਉਂਦੀਆਂ ਰਹੀਆਂ ਜਿਵੇਂ ਕੇਦਾਰ ਸ਼ਰਮਾ ਦੀ "ਠੇਸ", ਜਯਰਾਜ ਦੀ ਇਕ "ਸਾਗਰ", "ਤਕਦੀਰ" "ਘੁੰਗਟ" ਤੇ 'ਗਿਆਰਾਂ ਹਜ਼ਾਰ ਲੜਕੀਆਂ"। ਭਾਰਤ ਭੂਸ਼ਨ ਨੇ ਆਪਣੇ ਭਰਾ ਨਾਲ ਰਲਕੇ ਤੇ ਖੁਦ ਇਕੱਲਿਆਂ ਵੀ ਫਿਲਮਾਂ ਪ੍ਰੋਡਿਊਸ ਕੀਤੀਆਂ, "ਮੀਨਾਰ", "ਬਸੰਤ ਬਹਾਰ" ਤੇ "ਬਰਸਾਤ ਕੀ ਰਾਤ" ਅਜਿਹੀਆਂ ਫਿਲਮਾਂ ਦੇ ਨਾਂ ਹਨ। ਕੇਦਾਰ ਸ਼ਰਮਾ ਨਾਲ ਉਹ ਦੇਸ਼ ਦੀ ਵੰਡ ਤੋਂ ਪਹਿਲਾਂ ਕਲਕੱਤੇ ਅਤੇ ਬਟਵਾਰੇ ਪਿਛੋਂ



ਪੁਰਾਣੀ ਪੀੜ੍ਹੀਦਾ ਐਕਟਰ ਭਾਰਤ ਭੂਸ਼ਨ
ਹੈ ਆਉਣ-ਜਾਣ ਬਣਿਆ, ਦੁਨੀਆਂ ਚਹੁੰ ਕੁ ਦਿਨਾਂ ਦਾ ਮੇਲਾ

ਬੰਬਈ ਟਿਕਣ ਉਪਰੰਤ ਵੀ ਲੰਮੇ ਅਰਸੇ ਤਕ ਜੁੜਿਆ ਰਿਹਾ। ਸੋਹਰਾਬ ਮੋਦੀ ਦੀ "ਮਿਰਜ਼ਾ ਗਾਲਿਬ" ਜਿਸ ਵਿਚ ਭਾਰਤ ਭੂਸ਼ਨ ਹੀਰੋ ਸੀ ਤੇ ਸੁਰੱਈਆ ਹੀਰੋਇਨ, ਨੇ ਰਾਸ਼ਟਰਪਤੀ ਐਵਾਰਡ ਜਿੱਤਿਆ। ਉਹਦੀਆਂ ਸਾਰੀਆਂ ਫਿਲਮਾਂ ਤੋਂ ਵੱਧ ਜਾਣੀ ਜਾਂਦੀ ਫਿਲਮ "ਬੈਜੂ ਬਾਵਰਾ" ਹੈ ਜਿਸ ਨੂੰ ਰਹਿੰਦੇ ਸਮਿਆਂ ਤੱਕ ਲੋਕ ਚੇਤੇ ਰਖਣਗੇ। ਇਸ ਫਿਲਮ 'ਚ ਉਹ ਦੀ ਹੀਰੋਇਨ ਮੀਨਾ ਕੁਮਾਰੀ ਸੀ।

ਮੁੱਢਲੇ ਜੀਵਨ ਬਾਰੇ ਭਾਰਤ ਭੂਸ਼ਨ ਲਿਖਦਾ ਹੈ ਕਿ ਉਸ ਦਾ ਬਾਪ ਕੱਟੜ ਆਰੀਆ ਸਮਾਜੀ ਸੀ। ਬਾਪ ਰਈਸ ਸੀ ਤੇ ਨਹੀਂ ਸੀ ਚਾਹੁੰਦਾ ਕਿ ਉਸ ਦਾ ਪੁੱਤ ਸੰਗੀਤ ਜਾਂ ਫਿਲਮਾਂ ਵਰਗੇ "ਫਜ਼ੂਲ ਸ਼ੌਕ" ਅਪਣਾਏ। ਭਾਰਤ ਭੂਸ਼ਨ ਨੂੰ ਇਨ੍ਹਾਂ ਸ਼ੌਕਾਂ ਕਰਕੇ ਬਾਪ ਦੀ ਨਾ ਸਿਰਫ ਨਾਰਾਜ਼ਗੀ ਸਹਿਣੀ ਪਈ ਬਲਕਿ ਕਈ ਵਾਰ ਲੱਤਾਂ-ਮੁੱਕੀਆਂ ਵੀ ਖਾਣੀਆਂ ਪਈਆਂ। ਉਸ ਦੀ ਡਾਇਰੀ ਵਿਚ "ਜਨਵਰੀ 1938" ਵਾਲੇ ਸਫੇ ਉਪਰ ਲਿਖਿਆ ਹੋਇਆ ਹੈ, "ਪਿਤਾ ਜੀ ਅੰਬਾਲੇ ਚਲੇ ਗਏ। ਮੈਂ ਤੇ ਮੇਰੇ ਭਰਾ ਰਮੇਸ਼ ਨੇ ਪਿਤਾ ਜੀ ਦੀ ਗੈਰਹਾਜ਼ਰੀ ਦਾ ਫਾਇਦਾ ਉਠਾਉਂਦਿਆਂ "ਰਾਜ ਰਾਣੀ ਮੀਰਾਂ" ਫਿਲਮ ਦੇਖ ਲਈ ਹੈ। ਘਰ ਵਾਪਸ ਆਏ ਤਾਂ ਪਤਾ ਲੱਗਿਆ ਕਿ ਪਿਤਾ ਜੀ ਦਾ ਟੂਰ ਕੈਂਸਲ ਹੋ ਗਿਆ। ਹਾਏ ਰੱਬਾ ਅੱਜ ਤਾਂ ਏਨੀ ਕੁੱਟ ਪਈ ਜਿਤਨੀ ਪਹਿਲਾਂ ਕਦੇ ਨਹੀਂ।"

ਜੂਨ 1941 ਦੇ ਡਾਇਰੀ-ਪੰਨੇ ਉਪਰ ਲਿਖਿਆ ਹੈ, "ਸ਼ਰਮਾ ਜੀ ਨੇ ਮੈਨੂੰ "ਭਗਤ ਕਬੀਰ" ਫਿਲਮ ਲਈ ਸਾਈਨ ਕਰ ਲਿਆ ਹੈ। ਉਹ ਕਹਿੰਦੇ ਨੇ ਮੇਰੇ ਚਿਹਰੇ 'ਤੇ ਸ਼ਰਾਫਤ ਹੈ, ਭੋਲਾਪਣ ਹੈ, ਸੰਤਪੁਣਾ ਹੈ। ਪਰ ਅਸਲ 'ਚ ਮੈਂ ਇਹੋ ਜਿਹਾ ਨਹੀਂ ਹਾਂ। ਮੇਰਾ ਚਿਹਰਾ ਹੋਰ ਹੈ, ਮੈਂ ਅੰਦਰੋਂ ਹੋਰ ਹਾਂ। ਹੋਵਾਂ ਕੁਝ ਵੀ ਹੋਣਾ, ਮੈਂ ਸ਼ਰੀਫ ਬਿਲਕੁਲ ਨਹੀਂ ਹਾਂ।"

ਜੁਲਾਈ 1954 ਦੇ ਡਾਇਰੀ ਪੰਨੇ ਦੀ ਵੀ ਖਾਸੀਅਤ ਹੈ, "ਪਿਤਾ ਜੀ ਕੱਲ੍ਹ ਸ਼ਾਮੀਂ ਇਕ ਕਸਬੇ ਦੇ ਸਿਨੇਮੇ-ਘਰ ਵਿਚ ਮੇਰੀ ਫਿਲਮ "ਬੈਜੂ ਬਾਵਰਾ" ਦੇਖ ਕੇ ਆਏ ਹਨ। ਫਿਲਮਾਂ ਨੂੰ ਤੇ ਫਿਲਮਾਂ ਵਾਲਿਆਂ ਨੂੰ ਘੋਰ ਨਫਰਤ ਕਰਦੇ ਹਨ। ਪਰ ਕੱਲ੍ਹ ਉਨ੍ਹਾਂ ਨੇ ਮੈਨੂੰ ਕੋਲ ਬਿਠਾ ਕੇ ਆਖਿਆ "ਬੈਜੂ ਬਾਵਰਾ" ਬਹੁਤ ਵਧੀਆ ਫਿਲਮ ਹੈ, ਤੇਰਾ ਰੋਲ ਕਮਾਲ ਹੈ। ਮੈਨੂੰ ਅਫਸੋਸ ਹੈ ਕਿ ਮੈਂ ਆਪਣੇ ਬੇਟੇ ਨੂੰ ਸਮਝਣ 'ਚ ਦੇਰ ਲਗਾ ਦਿਤੀ। ਮੇਰਾ ਬੇਟਾ ਬਚਪਨ ਤੋਂ ਹੀ ਸੰਗੀਤ ਤੇ ਫਿਲਮਾਂ ਵੱਲ ਰੁਚਿਤ ਸੀ, ਉਸ ਦੇ ਸ਼ੌਕ ਨੂੰ ਦੁਬਾਉਣ ਦਾ ਮੈਨੂੰ ਕੀ ਹੱਕ ਸੀ। "ਪਿਤਾ ਜੀ ਦੇ ਇਨ੍ਹਾਂ ਬੋਲਾਂ ਨਾਲ ਮੈਨੂੰ ਖਾਸ ਕਿਸਮ ਦਾ ਸਕੂਨ ਮਿਲਿਆ ਹੈ। ਮੈਂ ਹੁਣ ਆਪਣੇ ਆਪ ਨੂੰ ਗੁਨਾਹਗਾਰ ਸਮਝਣੋਂ ਹਟ ਜਾਂਵਾਗਾ।

ਤੇ ਨਵੰਬਰ 1954 ਦੀ ਡਾਇਰੀ ਦਾ ਇਹ ਪੰਨਾ ਸੁੰਨ ਕਰ ਦਿੰਦਾ ਹੈ, "ਮੇਰੀ ਪਤਨੀ ਸਰਲਾ ਨੂੰ ਇਕ ਹਫਤਾ ਹੋ ਗਿਆ ਏ ਮੈਥੋਂ ਸਦਾ ਲਈ ਵਿਛੜਿਆਂ ਉਹ ਹਰ ਰੋਜ਼ ਮੈਨੂੰ ਸੁਪਨੇ 'ਚ ਮਿਲਦੀ ਹੈ। ਪਰ ਸੁਪਨਾ ਤਾਂ ਸੁਪਨਾ ਹੀ ਹੁੰਦਾ ਹੈ। ਸਰਲਾ ਦੀ ਮੌਤ ਨਾਲ ਮੇਰੇ ਅੰਦਰੋਂ ਸਦਾ ਸਦਾ ਲਈ ਖੁਸ਼ੀ ਮੁੱਕ ਗਈ ਹੈ, ਮੈਂ ਸ਼ਾਇਦ ਹੁਣ ਕਦੇ ਵੀ ਬਾਕੀ ਦੀ ਜ਼ਿੰਦਗੀ 'ਚ ਹੱਸ ਨਾ ਸਕਾਂ।"

ਅੱਜ ਕੱਲ੍ਹ ਭਾਰਤ ਭੂਸ਼ਨ ਨਿੱਕੇ ਜਿਹੇ ਫਲੈਟ ਵਿਚ ਦਿਨ-ਕਟੀਆਂ ਕਰ ਰਿਹਾ ਹੈ। ਉਹਦੀ ਵੱਡੀ ਕੋਠੀ ਰਾਜਿੰਦਰ ਕੁਮਾਰ ਨੇ ਖਰੀਦ ਲਈ ਸੀ ਤੇ ਉਸ ਰਕਮ ਨਾਲ ਭਾਰਤ ਭੂਸ਼ਨ ਨੇ ਅੱਧ/ਪਚੱਧ ਕਰਜ਼ੇ ਲਾਹੇ ਸਨ। ਉਹ ਹੁਣ ਕਾਰ ਰਖਣ ਜੋਗਾ ਨਹੀਂ। ਉਹ ਨੂੰ ਲੋਕਲ ਬੱਸਾਂ 'ਚ ਸਫਰ ਕਰਦਿਆਂ ਦੇਖ ਕੇ ਕਈ ਲੋਕ ਹੈਰਾਨ ਹੋ ਜਾਂਦੇ ਹਨ। ਸਾਡਾ ਇਹ ਅਨਮੋਲ ਹੀਰਾ ਘੱਟੇ-ਮਿੱਟੀ 'ਚ ਰੁਲ ਰਿਹਾ ਹੈ।

AMBIKA FOODS

5125 Victoria Drive
Vancouver, B.C.
Ph. 327-0295

ਲੌਂਗ-ਵੀਕ ਐਂਡ ਸੇਲ

Vegetable Oil ਵੈਜੀਟੇਬਲ ਤੇਲ 3 litre **$ 1.99**	**Mazzola Corn Oil** ਮਜ਼ੌਲਾ ਮੱਕੀ ਦਾ ਤੇਲ only 3 litre **$5.79**	**Farine Roti Atta** 10 kg. ਫਰੀਨ ਰੋਟੀ ਆਟਾ only **$4.89**	**Chicken Legs (Whole)** ਮੁਰਗੇ ਦੀਆਂ ਲੱਤਾਂ **$ 1.29** lb.	**Black Chana** ਕਾਲੇ ਛੋਲੇ **29¢** lb.
Onions ਗੰਢੇ 50 lb. **5.99**	**Patato Box** ਆਲੂ 50 lb. **6.99**	**Chana Flour** ਵੇਸਣ 2 kg. **1.99**	**Milk** ਦੁੱਧ 4 litre **$3.39**	**Chana Dal** ਛੋਲਿਆਂ ਦੀ ਦਾਲ **37¢** lb.
Pachranga Achar ਪਚਰੰਗਾ ਅਚਾਰ tin. **1.49**	**B.C. Sugar** ਬੀ. ਸੀ. ਸ਼ੂਗਰ 10 KG. **5.89**	**Pacific** **Evaporated Milk** **69¢**	**Nabob Tea** ਨਵਾਬ ਚਾਹਪੱਤੀ 120 pkt. **3.69**	**Pea Flour** ਮਟਰਾਂ ਦਾ ਆਟਾ 2 kg. **1.49**
Goat Meat ਬੱਕਰੇ ਦਾ ਮੀਟ lb **1.99**	**Keema** ਕੀਮਾ **2.49** lb.	**Red Massur** ਲਾਲ ਮਸਰ **59¢** lb.	**Sun Flower Oil** ਸਨ ਫਲਾਵਰ ਤੇਲ 3 lit. **2.99**	**Chicken Drumstick** ਚਿਕਨ ਡਰੰਮਸਟਿਕ **99¢** lb.
Manh Whole Moong ਮਾਂਹ ਮੂੰਗੀ **37¢** lb.				

ਵਿਆਹ ਸ਼ਾਦੀਆਂ ਦੀ ਪਾਰਟੀ ਲਈ, ਜਨਮ ਦਿਨ ਜਾਂ ਹੋਰ ਕਿਸੇ ਕਿਸਮ ਦੀ ਪਾਰਟੀ ਲਈ ਖਾਣਾ ਬਣਾਉਣ ਲਈ ਕਿਚਨ ਕਿਰਾਏ ਤੇ ਮਿਲ ਸਕਦੀ ਹੈ — ਆਪ ਖਾਣਾ ਬਣਾਓ ਅਤੇ ਪੈਸੇ ਬਚਾਓ । ਕਿਚਨ ਵਿਚ ਖਾਣਾ ਬਣਾਉਣ ਲਈ ਮਦਦ ਵੀ ਮਿਲ ਸਕਦੀ ਹੈ ਹੋਰ ਜਾਣਕਾਰੀ ਲਈ ਫੋਨ ਕਰੋ :—

ਫੋਨ : 327-0295

For your marriage party or other parties — Kitchen facilities available for cooking — Day to day rental basis — cooking assistance available, too — cook yourself and save money.

Book in advance
Ph. 327-0295

ਕਲਕੱਤੇ ’ਚ ਹਿੰਦੂ-ਸਿਖਾਂ ਵਲੋਂ ਵਿਸ਼ਾਲ ਚੁੱਪ ਜਲੂਸ

ਕਲਕੱਤਾ — ਕਲਕੱਤਾ ਵਿਚ ਹਿੰਦੂ-ਸਿਖ ਪੰਜਾਬੀਆਂ ਦੀ ਨਵੀਂ ਬਣੀ ਸੰਸਥਾ ਆਲ ਇੰਡੀਆ ਪੰਜਾਬ ਥਿੰਕਰਜ਼ ਫੋਰਮ ਵਲੋਂ ਕਲਕੱਤੇ ਵਿਚ ਵਿਸ਼ਾਲ ਚੁੱਪ ਜਲੂਸ ਕੱਢਿਆ ਗਿਆ ਜੋ ਮਹਾਤਮਾ ਗਾਂਧੀ ਦੇ ਬੁੱਤ ਤੋਂ ਚਲ ਕੇ ਐਸਪਲਾਨੇਡ ਤਕ ਗਿਆ। ਇਸ ਵਿਚ ਪੱਛਮੀ ਬੰਗਾਲ ਦੀਆਂ ਪ੍ਰਸਿੱਧ ਹਸਤੀਆਂ ਵੀ ਸ਼ਾਮਲ ਹੋਈਆਂ ਜਿਨ੍ਹਾਂ ਵਿਚ ਪੱਛਮੀ ਬੰਗਾਲ ਦੇ ਸਾਬਕਾ ਮੁਖ ਮੰਤਰੀ ਪੀ. ਸੀ. ਸੈਨ, ਐਮ. ਪੀ. ਭੋਲਾ ਨਾਥ ਸੈਨ, ਫਿਲਮ ਨਿਰਦੇਸ਼ਕ ਸੱਤਿਆਜੀਤ ਰੇਅ, ਜਸਟਿਸ ਬਸਾਕ ਤੇ ਗਾਂਗੁਲੀ, ਪਦਮ ਭੂਸ਼ਨ ਜਸਟਿਸ ਸ੍ਰੀ ਐਮ. ਏ. ਮਾਸੂਦ, ਰਾਬਿੰਦਰਾ ਭਾਰਤੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਰਾਮਾ ਰੰਜਨ ਮੁਕਰਜੀ, ਸ੍ਰੀਮਤੀ ਅਮਲਾ ਸ਼ੰਕਰ ਤੇ ਅਨੰਦ ਸ਼ੰਕਰ ਰਾਏ ਤੇ ਹੋਰ ਉਰਦੂ, ਹਿੰਦੀ ਤੇ ਪੰਜਾਬੀ ਦੇ ਗੀਤਕਾਰ ਤੇ ਕਵੀ ਸ਼ਾਮਲ ਹੋਏ। ਅਕਾਲੀ ਦਲ ਬੰਗਲਾ ਦੇ ਮੈਂਬਰ ਖਾਲਸਾ ਹਾਈ ਸਕੂਲ ਦੇ ਬੱਚੇ ਤੇ ਹੋਰ ਸਭਾ ਸੁਸਾਇਟੀਆਂ ਨੇ ਵੀ ਜਲੂਸ ਵਿਚ ਭਾਗ ਲਿਆ। ਇਸਤਰੀਆਂ ਦੀ ਗਿਣਤੀ ਵੀ ਕਾਫੀ ਸੀ।

ਇਸ ਚੁੱਪ ਜਲੂਸ ਵਿਚ ਜੋ ਮੁਕਤਸਰ ਤੇ ਦਿੱਲੀ ਵਿਚ ਹੋਏ ਦੰਗਿਆਂ ਦੇ ਖਿਲਾਫ ਤੇ ਪੰਜਾਬ ਵਿਚ ਸ਼ਾਂਤੀ ਸਥਾਪਤ ਕਰਨ ਲਈ ਕੱਢਿਆ ਗਿਆ, ਜਲੂਸਕਾਰੀਆਂ ਦੇ ਹੱਥਾਂ ਵਿਚ ਮਾਟੋ ਸਨ ਜਿਨ੍ਹਾਂ ਉਤੇ ਲਿਖਿਆ ਹੋਇਆ ਸੀ, “ਭਾਰਤ ਬਚਾਉਣਾ ਹੈ ਤਾਂ ਪੰਜਾਬ ਨੂੰ ਬਚਾਓ (2) ਸਾਡਾ ਦੇਸ਼ ਇਕ ਹੈ, ਅਸੀਂ ਸਾਰੇ ਇਕ ਹਾਂ (3) ਸਿਖਾਂ ਨੂੰ ਸਾਰੇ ਭਾਰਤ ਤੇ ਪੰਜਾਬ ਵਿਚ ਹਿੰਦੂਆਂ ਨੂੰ ਰਹਿਣ ਦਾ ਪੂਰਾ ਹੱਕ ਹੈ। (4) ਹਿੰਸਾ ਛੱਡੋ ਦੇਸ਼ ਬਚਾਓ।”

ਬੰਗਾਲ ਦੇ ਲੋਕ ਦਾਰਜੀਲਿੰਗ ਨੂੰ ਕਦੇ ਵੱਖ ਨਹੀਂ ਹੋਣ ਦੇਣਗੇ

ਨਵੀਂ ਦਿੱਲੀ — ਮਾਰਕਸਵਾਦੀ ਕਮਿਊਨਿਸਟ ਪਾਰਟੀ ਦੀ ਪੱਛਮੀ ਬੰਗਾਲ ਇਕਾਈ ਨੇ ‘ਦਾਰਜੀਲਿੰਗ ਜ਼ਿਲੇ ਨੂੰ ਪੱਛਮੀ ਬੰਗਾਲ ਤੋਂ ਬਾਹਰ ਕਰ ਦੇਣ ਸਬੰਧੀ ਕੇਂਦਰੀ ਹਾਕਮਾਂ ਦੇ ਇਰਾਦਿਆਂ’ ਉਤੇ ਗਹਿਰੀ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਇਸ ਗੱਲ ਦਾ ਪ੍ਰਗਟਾਵਾ ਪਾਰਟੀ ਦੇ ਸੂਬਾਈ ਇਕਾਈ ਦੇ ਸੈਕਟਰੀ ਕਾਮਰੇਡ ਸਰੋਜ ਮੁਖਰਜੀ ਵਲੋਂ ਕੀਤਾ ਗਿਆ।

ਪਾਰਟੀ ਸੂਤਰਾਂ ਅਨੁਸਾਰ ਕੇਂਦਰੀ ਹਾਕਮ ਇਹ ਸੋਚ ਰਹੇ ਹਨ ਕਿ ਜੇਕਰ ਗੋਰਖਾਲੈਂਡ ਅੰਦੋਲਨਕਾਰੀਆਂ ਵਲੋਂ ਆਪਣੀ ਮੰਗ ਨੂੰ ਗੋਰਖਿਆਂ ਲਈ ਭਾਰਤ ਦੇ ਅੰਦਰ ਹੀ ਅਲੱਗ ਰਾਜ ਦੀ ਵਿਵਸਥਾ ਤਕ ਮਹਿਦੂਦ ਰੱਖਿਆ ਜਾਂਦਾ ਹੈ ਤਾਂ ਮਸਲੇ ਦੇ ਨਿਪਟਾਰੇ ਲਈ ਦਾਰਜੀਲਿੰਗ ਨੂੰ ਕੇਂਦਰੀ ਸ਼ਾਸਤ ਰਾਜ ਦਾ ਦਰਜਾ ਦੇ ਦਿਤਾ ਜਾਵੇ। ਕਾਮਰੇਡ ਸਰੋਜ ਮੁਖਰਜੀ ਨੇ ਇਹ ਵੀ ਚਿਤਾਵਨੀ ਦਿਤੀ ਕਿ ਕੁਝ ਸ਼ਕਤੀਆਂ ਵਲੋਂ ਦਾਰਜੀਲਿੰਗ ਨੂੰ ਨਾ ਕੇਵਲ ਪੱਛਮੀ ਬੰਗਾਲ ਨਾਲੋਂ ਹੀ ਬਲਕਿ ਭਾਰਤ ਨਾਲੋਂ ਵੀ ਅਲੱਗ ਕਰ ਦੇਣ ਦੀ ਬਹੁਤ ‘ਗਹਿਰੀ ਸਾਜ਼ਸ਼ ਕੰਮ ਕਰ ਰਹੀ ਹੈ।’ ਕਾਮਰੇਡ ਮੁਖਰਜੀ ਨੇ ਦੱਸਿਆ ਕਿ ਪੱਛਮੀ ਬੰਗਾਲ ਦੇ ਲੋਕ ਇਸ ਸਾਜ਼ਸ਼ ਨੂੰ ਸਿਰੇ ਨਹੀਂ ਚੜ੍ਹਨ ਦੇਣਗੇ ਅਤੇ ਇਸ ਨੂੰ ‘ਬੇਨਕਾਬ ਕਰਨ’ ਲਈ ਹਰ ਕੁਰਬਾਨੀ ਦੇਣ ਨਹੀ ਤਿਆਰ ਰਹਿਣਗੇ।

ਮੈਟਰੀਮੋਨੀਅਲ

ਜੱਟ ਸਿੱਖ ਗਰੇਵਾਲ ਪ੍ਰਵਾਰ ਦੇ ਲੜਕੇ ਲਈ ਇਕ ਖੂਬਸੂਰਤ ਲੜਕੀ ਦੀ ਲੋੜ ਹੈ। ਲੜਕੇ ਦੀ ਉਮਰ 21 ਸਾਲ, ਕੱਦ ਪੰਜ ਫੁੱਟ ਦਸ ਇੰਚ ਹੈ। ਸਟੇਟ ਯੂਨੀਵਰਸਿਟੀ ਵਿਚ ਅਕਾਊਂਟਿੰਗ ਦਾ ਕੋਰਸ ਕਰ ਰਿਹਾ ਹੈ। ਅਮਰੀਕਾ ਵਿਚ ਪੱਕੇ ਤੌਰ ਤੇ ਰਹਿ ਰਿਹਾ ਹੈ। ਖਤ ਪੱਤਰ ਇਸ ਪਤੇ ਤੇ ਕਰੋ :—

Mr. S. Singh
P.O.BOX 1292
Marysville, CAL. 95901
U.S.A

ਮੈਟਰੀਮੋਨੀਅਲ

ਇਕ 24 ਸਾਲ ਦੇ ਜੱਟ ਸਿੱਖ ਲੜਕੇ ਲਈ ਖੂਬਸੂਰਤ ਲੜਕੀ ਦੀ ਲੋੜ ਹੈ। ਲੜਕੇ ਕੋਲ ਆਪਣਾ ਨਵਾਂ ਘਰ ਹੈ ਤੇ ਸਰਕਾਰੀ ਪੱਕੀ ਨੌਕਰੀ ਤੇ ਲੱਗਾ ਹੋਇਆ ਹੈ। ਕੈਨੇਡਾ ਦਾ ਗਰੈਜੂਏਟ ਹੈ ਤੇ ਸਿਟੀਜ਼ਨ ਹੈ। ਕੈਨੇਡਾ ਵਿਚ ਪੜ੍ਹੀ ਲਿਖੀ ਲੜਕੀ ਨੂੰ ਤਰਜੀਹ ਦਿੱਤੀ ਜਾਵੇਗੀ ਪਰ ਇੰਡੀਆ ਤੋਂ ਵੀ ਲੜਕੀ ਮੰਗਵਾਈ ਜਾ ਸਕਦੀ ਹੈ। ਸਾਰਾ ਪ੍ਰਵਾਰ ਕੈਨੇਡਾ ਵਿਚ ਪੂਰੀ ਤਰ੍ਹਾਂ ਸੈਟ ਹੈ। ਲੜਕੀ ਦੀ ਫ਼ੋਟੋ ਤੇ ਹੋਰ ਜਾਣਕਾਰੀ ਇਸ ਪਤੇ ਉਤੇ ਭੇਜੋ :

M.S.N. (103)
C/o The Canada Darpan
P.O.BOX 265
Surrey, B.C. V3T 4W8

ਸਾਵਣ ਬਰਸੇ ਮਹਿਰਮੇਂ, ਤੀਆਂ ਗਿੱਧੇ ਗੀਤ।
ਪੈਣ ਫੁਹਾਰਾਂ ਠੰਡੀਆਂ, ਕਰਨ ਕਲੇਜਾ ਸੀਤ।